ਸੰਮਤ: ੫੫੮ ਨਾਨਕਸ਼ਾਹੀ
ਸਾਕਾ: ੨੨੦
Weekly Paper
ਸਪਤਾਹਕ ਪਤਰ

੧ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ॥

# ਖ਼ਾਲਸਾ ਅਖ਼ਬਾਰ

੩੧ ਜੇਠ ਸੰਨ ੨੦੨੬ Sunday, 14 June, 2026

ਮੁੱਖ ਸੰਪਾਦਕ
ਗਿਆਨੀ ਗੁਰਜੀਤ ਸਿੰਘ ਪਟਿਆਲਾ
ਸੰਪਾਦਕ: ਗੁਰਪ੍ਰੀਤ ਸਿੰਘ
ਉਪ ਸੰਪਾਦਕ: ਮੇਜਰ ਸਿੰਘ
ਅੰਗਰੇਜ਼ੀ ਸੰਪਾਦਿਕਾ: ਮਨਪ੍ਰੀਤ ਕੌਰ

www.khalsaakhbbar.com ਸੰਪਰਕ: +44 7491374913 khalsaakhbaar@gmail.com editor@khalsaakhbaar.com



## ਸ੍ਰੀ ਹਰਿਮੰਦਰ ਸਾਹਿਬ ਅਤੇ ਜੂਨ ੧੯੮੪

ਸ੍ਰੀ ਹਰਿਮੰਦਰ ਸਾਹਿਬ ਜੀ ਅਰੰਭ ਤੋਂ ਹੀ ਜਗਿਆਸੂਆਂ ਦੀ ਖਿੱਚ ਦਾ ਕੇਂਦਰ ਰਿਹਾ ਹੈ। ਬੇਅੰਤ ਜਿਊੜੇ ਇਥੋਂ ਦੀ ਅੰਮ੍ਰਿਤ-ਬੂੰਦ ਪ੍ਰਾਪਤ ਕਰ ਕੇ ਅਮਰ ਹੋਏ, ਅਨੇਕਾਂ ਜਗਿਆਸੂਆਂ ਨੇ ਆਪਣੇ ਹਿਰਦੇ ਅੰਦਰ ਗੁਪਤ ਵੱਸ ਰਹੇ ਨਾਮ ਨੂੰ ਇਸ ਥਾਂ ਤੋਂ ਜਾਗ ਲਾ ਕੇ ਪ੍ਰਗਟ ਕੀਤਾ। ਗੁਰੂ ਜੀ ਦਾ ਨਿਸ਼ਾਨਾ ਹੀ ਇਹ ਸੀ ਕਿ ਇਕ ਐਸੇ ਅਸਥਾਨ ਦੀ ਰਚਨਾ ਕਰਨੀ ਹੈ ਜਿੱਥੋਂ ਦੇ ਦਰਸ਼ਨ ਕਰ ਕੇ ਪ੍ਰਾਣੀ ਆਪਣੇ ਆਪੇ ਦੀ ਪਹਿਚਾਣ ਕਰ ਸਕੇ।ਮਨੁੱਖ ਦਾ ਸਰੀਰ ਵੀ ਹਰੀ ਦਾ ਮੰਦਰ ਹੈ। ਹਰ ਪ੍ਰਾਣੀ ਦੇ ਅੰਦਰ ਹਰੀ ਵੱਸਦਾ ਹੈ। ਇਸ ਸਰੀਰ ਰੂਪੀ ਮੰਦਰ ਵਿਚ ਬ੍ਰਹਮ ਵੀਚਾਰ ਦਾ ਜਵਾਹਰ ਪ੍ਰਗਟ ਹੁੰਦਾ ਹੈ।ਗੁਰੂ ਅਮਰਦਾਸ ਜੀ ਦੇ ਬਚਨ ਹਨ:ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ।।ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿ ਮੰਦਰੁ ਨ ਹੋਇ।।(ਅੰਗ ੧੩੪੬)ਹਰਿਮੰਦਰ ਵਿਚ ਵਸ ਰਹੇ ਹਰੀ ਦੀ ਸੂਝ ਸਿਆਣ ਲਈ ਹੀ ਗੁਰਦੇਵ ਜੀ ਦਾ ਮਨੁੱਖਤਾ ਉੱਪਰ ਇਹ ਪਰਉਪਕਾਰ ਹੈ ਕਿ ਉਨ੍ਹਾਂ ਇਸ ਧਰਤੀ 'ਪਰ ਐਸਾ ਹਰਿਮੰਦਰ ਪ੍ਰਗਟ ਕਰ ਦਿੱਤਾ ਜਿਸ ਦੇ ਦਰਸ਼ਨ ਕਰ, ਅੰਮ੍ਰਿਤ-ਸਰੋਵਰ ਵਿਚ ਟੁੱਭੀ ਲਾ, ਅਲਾਹੀ ਬਾਣੀ ਦਾ ਕੀਰਤਨ ਸੁਣ ਅਤੇ ਪੰਗਤ ਸੰਗਤ ਦੀ ਹੱਥੀਂ ਸੇਵਾ ਕਰ ਜਗਿਆਸੂ ਨੇ ਇਥੇ ਹਰੀ ਦੇ ਪ੍ਰਤੱਖ ਦਰਸ਼ਨ ਕਰਦਿਆਂ ਆਪਣੇ ਅੰਦਰ ਵੀ ਹਰੀ ਪਰਮਾਤਮਾ ਦੀ ਹੋਂਦ ਨੂੰ ਮਹਿਸੂਸ ਕਰ ਲੈਣਾ ਹੈ ਅਤੇ ਫਿਰ ਨਾਮ, ਦਾਨ, ਇਸ਼ਨਾਨ ਦੀ ਇਹ ਬਖਸ਼ਿਸ਼ ਜੋ ਹਰਿਮੰਦਰ ਸਾਹਿਬ ਆ ਕੇ ਪ੍ਰਾਣੀ ਨੇ ਪ੍ਰਾਪਤ ਕੀਤੀ ਹੁੰਦੀ ਹੈ, ਉਸ ਉੱਪਰ ਅਮਲ ਜਾਰੀ ਰਖਦਿਆਂ ਪ੍ਰਭੂ ਪਰਮਾਤਮਾ ਨਾਲ ਸਦੀਵ ਜੁੜੇ ਰਹਿਣਾ ਹੈ।ਸੋ ਮਾਨਵਤਾ ਦੇ ਭਲੇ ਲਈ ਗੁਰਦੇਵ ਜੀ ਨੇ ਰਾਮਦਾਸਪੁਰੇ ਵਿਖੇ ਹਰਿਮੰਦਰ ਪ੍ਰਗਟ ਕਰ ਦਿੱਤਾ, ਜਿੱਥੇ ਬਿਨਾਂ ਕਿਸੇ ਊਚ-ਨੀਚ, ਛੂਆ-ਛੂਤ ਜਾਂ ਭਿੰਨ-ਭੇਦ ਦੀ ਰੋਕ-ਟੋਕ ਦੇ ਹਰ ਜਗਿਆਸੂ ਨੇ ਜਾ ਕੇ ਹਰੀ ਪਰਮਾਤਮਾ ਦੇ ਪ੍ਰਤੱਖ ਦਰਸ਼ਨ ਕਰਦਿਆਂ ਆਪਣੇ ਹਿਰਦੇ ਵਿਚ ਵੱਸਦੇ ਹਰੀ ਨੂੰ ਪ੍ਰਗਟ ਕਰ ਕੇ ਵਿਸਮਾਦਤ ਹੋ, ਅਨੰਦ ਮਾਣਨਾ ਹੈ। ਇਥੋਂ ਦਾ ਮਾਹੌਲ, ਨਿਰੰਤਰ ਨਾਮ ਦਾ ਪ੍ਰਵਾਹ, ਅੰਮ੍ਰਿਤ-ਸਰੋਵਰ, ਲੰਗਰ ਪੰਗਤ ਪ੍ਰਬੰਧ, ਇਹ ਸਭ ਮਨੁੱਖ ਨੂੰ ਆਪਣੇ ਪਰਮ ਸੋਮੇ ਨਾਲ ਜੁੜਨ ਲਈ ਸਹਾਈ ਹੁੰਦੇ ਹਨ। ਇਸ ਦਾ ਸਿੱਟਾ ਕੀ ਨਿਕਲਦਾ ਹੈ? ਪ੍ਰਾਪਤੀ ਕੀ ਹੁੰਦੀ ਹੈ?ਭਾਵ ਇਸ ਹਰਿਮੰਦਰ ਦੇ ਦਰਸ਼ਨ ਨਾਲ ਮਨੁੱਖ ਦੇ ਜੀਵਨ ਵਿਚ ਕੀ ਤਬਦੀਲੀ ਆਉਂਦੀ ਹੈ? ਉਹ ਤਬਦੀਲੀ ਇਹ ਹੈ ਕਿ ਮਨੁੱਖ ਇਕ ਸਰਬਵਿਆਪਕ ਪਰਮਾਤਮਾ ਦੀ ਹੋਂਦ ਵਿਚ ਵਿਸ਼ਵਾਸ ਕਰਦਾ ਹੈ, ਉਸ ਨੂੰ ਨਿਸਚਾ ਹੋ ਜਾਂਦਾ ਹੈ ਕਿ ਉਸ ਦੇ ਅੰਦਰ ਵੀ ਉਸੇ ਪਰਮਾਤਮਾ ਦੀ ਅੰਸ਼ ਵਿਦਮਾਨ ਹੈ ਅਤੇ ਉਹ ਅੰਸ਼ ਸਦੀਵ ਹੈ ਭਾਵ ਕਿ ਮਰਦੀ ਨਹੀਂ, ਅਮਰ ਹੈ। ਇਸ ਤਰ੍ਹਾਂ ਮਨੁੱਖ ਉੱਪਰ ਛਾਇਆ ਸਭ ਤੋਂ ਵੱਡਾ ਮੌਤ ਦਾ ਡਰ ਸਦਾ ਲਈ ਖ਼ਤਮ ਹੋ ਜਾਂਦਾ ਹੈ ਅਤੇ ਉਹ ਸਚਾਈ ਉੱਤੇ ਦ੍ਰਿੜ੍ਹਤਾ ਨਾਲ ਪਹਿਰਾ ਦਿੰਦਾ ਹੈ; ਝੂਠ ਵਿਰੁੱਧ ਡਟ ਜਾਣ ਦੀ ਉਸ ਵਿਚ ਦਲੇਰੀ ਆ ਜਾਂਦੀ ਹੈ। ਉਹ ਨਾ ਕਿਸੇ ਉੱਪਰ ਜ਼ੁਲਮ ਕਰਦਾ ਹੈ, ਨਾ ਕਿਸੇ ਦਾ ਜ਼ੁਲਮ ਸਹਾਰਦਾ ਹੈ। ਉਹ ਗਰੀਬ ਮਜ਼ਲੂਮ ਦੀ ਰਖਿਆ ਲਈ ਢਾਲ ਬਣ ਜਾਂਦਾ ਹੈ ਅਤੇ ਦੁਸ਼ਟ ਬਿਰਤੀ ਵਾਲਿਆਂ ਨਾਲ ਟੱਕਰ ਲੈਣ ਲਈ ਮੈਦਾਨ ਵਿਚ ਵੀ ਨਿੱਤਰ ਪੈਂਦਾ ਹੈ। ਜਗਿਆਸੂ ਦੀ ਸ਼ਖ਼ਸੀਅਤ ਵਿਚ ਹਰਿਮੰਦਰ ਸਾਹਿਬ ਜੀ ਦੇ ਦਰਸ਼ਨ-ਇਸ਼ਨਾਨ ਨਾਲ ਇਹ ਤਬਦੀਲੀ ਆਉਣੀ ਕੁਦਰਤੀ ਹੈ ਅਤੇ ਇਹ ਤਬਦੀਲੀ ਹੈ ਵੀ ਉਸਾਰੂ, ਭਾਵ ਮਨੁੱਖ ਨੂੰ ਉਚੇਰੇ ਪਾਸੇ ਲਿਜਾਣ ਵਾਲੀ। ਪਰ ਹਕੂਮਤਾਂ, ਸਰਕਾਰਾਂ, ਸਮੇਂ ਦੇ ਹਾਕਮਾਂ ਉਨ੍ਹਾਂ ਦੇ ਮੁਕੱਦਮਾਂ ਜਾਂ ਹਮਲਾਵਰਾਂ, ਜਰਵਾਣਿਆਂ ਸਭਨਾਂ ਨੂੰ ਮਨੁੱਖੀ ਸੁਭਾਅ ਵਿਚ ਆਈ ਇਹ ਤਬਦੀਲੀ, ਮਨੁੱਖ ਦੀ ਸ਼ਖ਼ਸੀਅਤ ਵਿਚ ਚੰਗੇ ਗੁਣਾਂ ਦਾ ਹੋਇਆ ਵਾਧਾ ਕਦਾਚਿਤ ਨਹੀਂ ਭਾਇਆ।ਇਤਿਹਾਸ ਗਵਾਹ ਹੈ ਕਿ ਐਸਾ ਵਾਪਰਦਾ ਜਗਤ ਨੇ ਇਕ ਤੋਂ ਵੱਧ ਵਾਰ ਡਿੱਠਾ ਹੈ। ਮਨੁੱਖਤਾ ਨੂੰ ਨਵਾਂ ਜੀਵਨ ਦਾਨ ਦੇਣ ਵਾਲੇ ਇਸ ਸੋਮੇ ਨੂੰ ਖ਼ਤਮ ਕਰਨ ਦੇ ਘਿਨਾਉਣੇ ਯਤਨ ਜ਼ਰਵਾਣਿਆਂ ਵੱਲੋਂ ਇਸ ਦੇ ਪ੍ਰਗਟ ਹੋਣ ਦੇ ਸਮੇਂ ਤੋਂ ਹੀ ਸ਼ੁਰੂ ਕਰ ਦਿੱਤੇ ਗਏ ਸਨ। ਸੁਲਹੀ ਖਾਂ, ਸੁਲਬੀ ਖਾਂ ਤੇ ਬੀਰਬਲ ਵਰਗਿਆਂ ਦਾ ਹਰਿਮੰਦਰ ਸਾਹਿਬ ਵੱਲ ਹਮਲਾਵਰ ਬਣ, ਚੜ੍ਹ ਆਉਣ ਦੇ ਮਨਸੂਬੇ ਬਣਾਉਣੇ ਤੇ ਫਿਰ ਚੜ੍ਹ ਵੀ ਆਉਣਾ; ਇਹ ਵੱਖਰੀ ਗੱਲ ਹੈ ਕਿ ਉਹ ਇਥੇ ਪਹੁੰਚਣ ਤੋਂ ਪਹਿਲਾਂ ਹੀ ਖ਼ਤਮ ਹੋ ਜਾਂਦੇ ਰਹੇ, ਪਰ ਇਹ ਇਤਿਹਾਸਕ ਘਟਨਾਵਾਂ ਪ੍ਰਗਟ ਕਰਦੀਆਂ ਹਨ ਕਿ ਇਹ ਲੋਕ ਇਸ ਅੰਮ੍ਰਿਤ ਦੇ ਸੋਮੇ ਨੂੰ ਇਸ ਦੇ ਪ੍ਰਗਟ ਹੋਣ ਦੇ ਸਮੇਂ ਤੋਂ ਹੀ ਖ਼ਤਮ ਕਰਨ ਦੀ ਕੋਸ਼ਿਸ਼ ਵਿਚ ਸਨ। ਕੇਵਲ ਇਤਨਾ ਹੀ ਨਹੀਂ ਬਲਕਿ ਹਕੂਮਤ ਵੱਲੋਂ ਕੁਝ ਲੋਕਾਂ ਨੂੰ ਸ਼ਹਿ ਦੇ ਕੇ ਹਰਿਮੰਦਰ ਸਾਹਿਬ ਦੀ ਤਰਜ਼ ਦਾ ਹੋਰ ਅਸਥਾਨ ਬਣਾ ਕੇ ਲੋਕਾਂ ਨੂੰ ਗੁੰਮਰਾਹ ਕਰਨ ਦੇ ਯਤਨ ਵੀ ਹੋਏ ਸਨ।ਪ੍ਰਿਥੀ ਚੰਦ ਨੇ ਹੇਹਰੀਂ ਇਸ ਬਦਨੀਯਤੀ ਨਾਲ ਹੀ ਐਸਾ ਕੀਤਾ ਸੀ, ਪਰ ਉਹ ਵੀ ਅਸਫਲ ਹੋਇਆ। ਸੱਚ ਦੀ ਹੀ ਹਮੇਸ਼ਾ ਜੈ ਹੁੰਦੀ ਹੈ।੧੮ਵੀਂ ਸਦੀ ਵਿਚ ਤਾਂ ਹਮਲਾਵਰਾਂ ਤੇ ਹਾਕਮਾਂ ਦੀ ਨਿਗ੍ਹਾ ਵਿਸ਼ੇਸ਼ ਤੌਰ 'ਤੇ ਇਸ ਅਸਥਾਨ ਉੱਪਰ ਹੀ ਰਹੀ। ਜਦ ਵਾਪਸ ਜਾਂਦੇ ਨਾਦਰ ਨੂੰ ਸਿੰਘਾਂ ਨੇ ਆਪਣੇ ਕਰੜੇ ਹੱਥ ਦਿਖਾਏ ਤਾਂ ਨਾਦਰ ਦੇ ਪੈਰਾਂ ਹੇਠੋਂ ਮਿੱਟੀ ਨਿਕਲ ਗਈ। ਉਸ ਨੇ ਸਿੰਘਾਂ ਦੇ ਇਸ ਬਹਾਦਰੀ ਤੇ ਦਲੇਰਾਨਾ ਕਾਰਨਾਮੇ ਨੂੰ ਦੇਖ ਜ਼ਕਰੀਆ ਖਾਂ ਤੋਂ ਸਿੱਖਾਂ ਬਾਰੇ ਪੁੱਛਿਆ ਤਾਂ ਜ਼ਕਰੀਆ ਖਾਂ ਨੇ ਸਿੰਘਾਂ ਦੇ ਆਚਰਨ ਤੇ ਬਾਕੀ ਗੁਣਾਂ ਬਾਰੇ ਵਿਸਥਾਰ ਨਾਲ ਦੱਸਿਆ। ਨਾਦਰ ਸ਼ਾਹ ਨੇ ਜ਼ਕਰੀਆ ਖਾਂ ਨੂੰ ਸੁਚੇਤ ਕੀਤਾ ਕਿ ਜ਼ਕਰੀਆ ਖਾਂ! ਖਿਆਲ ਰੱਖ, ਇਹ ਲੋਕ ਇਕ ਦਿਨ ਜ਼ਰੂਰ ਰਾਜ-ਭਾਗ ਦੇ ਮਾਲਕ ਬਣਨਗੇ। ਜ਼ਕਰੀਆ ਖਾਂ ਪਹਿਲਾਂ ਵੀ ਕਾਫ਼ੀ ਸਚੇਤ ਸੀ। ਪਰ ਨਾਦਰ ਸ਼ਾਹ ਦੀ ਇਸ ਭਵਿੱਖ- ਬਾਣੀ ਉਸ ਨੇ ਪੱਲੇ ਬੰਨ ਲਈ ਅਤੇ ਸਿੱਖਾਂ ਨੂੰ ਖ਼ਤਮ ਕਰਨ ਦੀ ਪੱਕੀ ਧਾਰ ਲਈ। ਸਿੰਘਾਂ ਉੱਪਰ ਸਭ ਤਰ੍ਹਾਂ ਦੀਆਂ ਸਖ਼ਤੀਆਂ ਕਰ ਦਿੱਤੀਆਂ ਗਈਆਂ। ਪਰ ਸਖ਼ਤੀਆਂ ਦੇ ਬਾਵਜਦ ਸਿੰਘਾਂ ਨੂੰ ਚੜ੍ਹਦੀ ਕਲਾ ਵਿਚ ਦੇਖ ਕੇ ਜ਼ਕਰੀਆ ਖਾਂ ਬਹੁਤ ਘਬਰਾ ਗਿਆ। ਉਸ ਨੂੰ ਸਮਝ ਨਹੀਂ ਸੀ ਆ ਰਹੀ ਕਿ ਸਿੰਘਾਂ ਨਾਲ ਕਿਵੇਂ ਨਜਿੱਠਿਆ ਜਾਵੇ? ਇਸ 'ਤੇ ਕੁਝ ਮੌਲਵੀਆਂ, ਕਾਜ਼ੀਆਂ ਨੇ ਉਸ ਨੂੰ ਯਕੀਨ ਦਿਵਾਇਆ ਕਿ ਸਿੰਘਾਂ ਦੀ ਸ਼ਕਤੀ ਦਾ ਰਾਜ਼ ਹਰਿਮੰਦਰ ਸਾਹਿਬ ਅਤੇ ਉਥੋਂ ਦੇ ਸਰੋਵਰ ਦਾ ਜਲ ਉਨ੍ਹਾਂ ਲਈ ਆਬੇ-ਹਯਾਤ (ਅੰਮ੍ਰਿਤ) ਦੀ ਤਰ੍ਹਾਂ ਹੈ ਜਿਸ ਨੂੰ ਪੀ ਕੇ ਅਤੇ ਜਿਸ ਵਿਚ ਇਸ਼ਨਾਨ ਕਰ ਕੇ ਇਹ ਮੌਤ ਨੂੰ ਵੀ ਕੁਝ ਨਹੀਂ ਸਮਝਦੇ। ਇਸ ਲਈ ਜ਼ਕਰੀਆ ਖਾਨ! ਜੇ ਤੂੰ ਸਿੰਘਾਂ ਨੂੰ ਖ਼ਤਮ ਕਰਨਾ ਚਾਹੁੰਦਾ ਹੈਂ ਤਾਂ ਪਹਿਲਾਂ ਇਨ੍ਹਾਂ ਦੀ ਸ਼ਕਤੀ ਦੇ ਸੋਮੇ ਨੂੰ ਬੰਦ ਕਰ। ਮੌਲਵੀਆਂ ਦੀ ਇਸ ਸਲਾਹ 'ਤੇ ਯਕੀਨ ਕਰ ਕੇ ਜ਼ਕਰੀਆ ਖਾਨ ਨੇ ਕਾਜ਼ੀ ਅਬਦੁਲ ਰਜ਼ਾਕ ਤੇ ਮੁਹੰਮਦ ਬਖਸ਼ ਨੂੰ ਦੋ ਹਜ਼ਾਰ ਦੀ ਫੌਜ ਦੇ ਕੇ ਹਰਿਮੰਦਰ ਸਾਹਿਬ ਦੇ ਚੁਫੇਰੇ ਚੌਂਕੀਆਂ ਬਣਾਉਣ ਲਈ ਇਹ ਆਦੇਸ਼ ਦੇ ਕੇ ਭੇਜਿਆ ਸੀ ਕਿ ਕਿਸੇ ਵੀ ਸੂਰਤ ਵਿਚ ਇਸ ਸਰੋਵਰ ਵਿੱਚੋਂ ਨਾ ਕਿਸੇਸਿੰਘ ਨੂੰ ਇਸ਼ਨਾਨ ਕਰਨ ਦਿੱਤਾ ਜਾਵੇ ਅਤੇ ਨਾ ਹੀ ਇਥੇ ਇਕੱਠੇ ਹੋਣ ਦਿੱਤਾ ਜਾਵੇ। 'ਮੈਲਕਮ' ਆਪਣੀ ਪੁਸਤਕ 'ਸਕੈਚ ਆਫ਼ ਦੀ ਸਿੱਖਜ਼' ਵਿਚ ਲਿਖਦਾ ਹੈ"ਇਤਨੀਆਂ ਸਖ਼ਤੀਆਂ ਅਤੇ ਹਰਿਮੰਦਰ ਸਾਹਿਬ ਦੁਆਲੇ ਇਤਨੇ ਸਖ਼ਤ ਘੇਰੇ ਦੇ ਬਾਵਜੂਦ; 'ਸਿੱਖ ਸਵਾਰ ਆਪਣੇ ਤੇਜ਼ ਤਰਾਰ ਘੋੜਿਆਂ 'ਤੇ ਅਸਵਾਰ ਹੋ ਹਰਿਮੰਦਰ ਸਾਹਿਬ ਦੇ ਦਰਸ਼ਨ ਲਈ ਤੇ ਸਰੋਵਰ ਦੇ ਇਸ਼ਨਾਨ ਲਈ ਆਉਂਦੇ ਸਨ। ਇਸ ਕੋਸ਼ਿਸ਼ ਵਿਚ ਉਹ ਕਈ ਵਾਰ ਸ਼ਹੀਦ ਵੀ ਹੋ ਜਾਂਦੇ ਸਨ, ਕਈ ਵੇਰ ਫੜੇ ਵੀ ਜਾਂਦੇ ਸਨ ਪਰ ਅਜਿਹੇ ਮੌਕਿਆਂ 'ਤੇ ਆਪਣੀ ਜਾਨ ਬਚਾਉਣ ਦੀ ਥਾਂ ਉਹ ਸ਼ਹੀਦੀ ਨੂੰ ਹੱਸ-ਹੱਸ ਪ੍ਰਵਾਨ ਕਰਦੇ ਸਨ।"ਖੁਸ਼ਵਕਤ ਰਾਇ ਵੀ ਲਿਖਦਾ ਹੈ ਕਿ-"ਜ਼ਕਰੀਆ ਖਾਂ ਦੀ ਇਤਨੀ ਸਖ਼ਤੀ ਅਤੇ ਅੰਮ੍ਰਿਤਸਰ ਦੇ ਦੁਆਲੇ ਸਖ਼ਤ ਪਹਿਰੇ ਦੇ ਬਾਵਜੂਦ ਸਿੰਘ ਜਿਸ ਵੇਲੇ ਵੀ ਸਮਾਂ ਲੱਗੇ ਸਰੋਵਰ ਵਿਚ ਛੇਤੀ-ਛੇਤੀ ਇਸ਼ਨਾਨ ਕਰ ਜਾਂਦੇ ਸਨ। ਇਸ ਨੱਠ-ਭੱਜ ਵਿਚ ਜਿਹੜਾ ਵੀ ਮੰਦਭਾਗਾ ਕਿਸੇ ਸਿੰਘ ਨੂੰ ਰੋਕਣ ਦਾ ਯਤਨ ਕਰਦਾ ਸੀ, ਉਹ ਆਪਣੀ ਜਾਨ ਗੁਆ ਬੈਠਦਾ ਸੀ।"ਇਸ ਉਪਰੰਤ ਇਸ ਪਵਿੱਤਰ ਅਸਥਾਨ ਨੂੰ ਢਾਹੁਣ ਤੇ ਅਪਵਿੱਤਰ ਕਰਨ ਦੇ ਲਈ ਕਈ ਯਤਨ ਹੋਏ, ਪਰ ਉਹ ਸਿੰਘਾਂ ਨੂੰ ਇਸ ਅਸਥਾਨ ਤੋਂ ਸ਼ਕਤੀ ਪ੍ਰਾਪਤ ਕਰਨ ਤੋਂ ਰੋਕ ਨਾ ਸਕੇ, ਬਲਕਿ ਸਿੰਘ ਹਰ ਹਮਲੇ ਦੌਰਾਨ ਪਹਿਲਾਂ ਤੋਂ ਵੱਧ ਸ਼ਕਤੀਨਾਲ ਉੱਠੇ, ਦੂਣੇ-ਚੋਣੇ ਹੋ ਵਿਚਰਦੇ ਰਹੇ ਅਤੇ ਉਨ੍ਹਾਂ ਇਸ ਅਸਥਾਨ ਦੀ ਬੇਹੁਰਮਤੀ ਕਰਨ ਵਾਲੇ ਹਰ ਪਾਪੀ ਨੂੰ ਸਬਕ ਵੀ ਸਿਖਾਇਆ। ਜੂਨ ੧੯੮੪ ਦੇ ਮਨਹੂਸ ਦਿਨ, ਜਦ ਇਸ ਧਰਤੀ ਦੇ ਸਭ ਜੀਵਾਂ ਨੂੰ ਆਤਮਿਕ ਸ਼ਾਂਤੀ ਅਤੇ ਅੰਮ੍ਰਿਤ ਜੀਵਨ ਪ੍ਰਦਾਨ ਕਰਨ ਵਾਲੇ ਪਵਿੱਤਰ ਅਸਥਾਨ ਸ੍ਰੀ ਦਰਬਾਰ ਸਾਹਿਬ ਨੂੰ ਗੋਲੀਆਂ ਲੱਗੀਆਂ, ਤਾਂ ਹਰ ਸਿੱਖ ਅਤੇ ਹਰ ਧਰਮੀ ਪੁਰਖ ਦਾ ਸਰੀਰ ਪੱਛਿਆ ਗਿਆ, ਆਤਮਾ ਵਿੰਨ੍ਹੀ ਗਈ ਅਤੇ ਫਿਰ ਇਸ ਸਾਲ ਦਾ ਹਰ ਪਲ ਇੰਵ ਬੀਤਿਆ ਜਿਵੇਂ ਵੱਢੇ-ਫੱਟੇ ਸਰੀਰ ਨੂੰ ਕਿਸੇ ਲੂਣ ਦੀ ਖਾਨ ਵਿਚ ਘੜੀਸਿਆ ਜਾਂਦਾ ਰਿਹਾ ਹੋਵੇ।ਸ਼੍ਰੋਮਣੀ ਅਕਾਲੀ ਦਲ ਨੇ ਸਿੱਖ ਪੰਥ ਦੀ ਚੜ੍ਹਦੀ ਕਲਾ ਅਤੇ ਪੰਜਾਬ ਦੀ ਆਰਥਕ ਹਾਲਤ ਨੂੰ ਬਿਹਤਰ ਬਣਾਉਣ ਲਈ ਜੋ ਧਰਮ ਯੁੱਧ ਮੋਰਚਾ ਚਲਾਇਆ ਸੀ ਉਸ ਵਿਚ ਦੋ ਲੱਖ ਤੋਂ ਉੱਪਰ ਸ਼ਾਂਤਮਈ ਗ੍ਰਿਫ਼ਤਾਰੀਆਂ ਅਤੇ ਦੋ ਸੌ ਤੋਂ ਉੱਪਰ ਸ਼ਹਾਦਤਾਂ ਦੇ ਕੇ ਦੁਨੀਆਂ ਦੇ ਇਤਿਹਾਸ ਵਿਚ ਇਕ ਐਸੀ ਉਦਾਹਰਣ ਕਾਇਮ ਕੀਤੀ ਗਈ ਸੀ ਕਿ ਲੋਕਤੰਤਰੀ ਵਿਧਾਨਾਂ ਦੀਆਂ ਕਦਰਾਂ-ਕੀਮਤਾਂ ਜਾਣਨ ਵਾਲੇ ਲੋਕ ਦੰਗ ਰਹਿ ਗਏ। ਮੋਰਚੇ ਦਾ ਹਰ ਪੜਾਅ ਬੇਸ਼ੱਕ ਉਹ ਰੇਲ ਰੋਕੋ, ਸੜਕ ਰੋਕੋ, ਕੰਮ ਰੋਕੋ ਆਦਿ ਸੀ, ਇਤਨੇ ਸ਼ਾਂਤਮਈ ਅਤੇ ਸਫਲ ਹੋਏ ਕਿ ਮੌਕੇ ਦੀ ਸਰਕਾਰ ਨੂੰ ਮੂੰਹ ਦੀ ਖਾਣੀ ਪਈ। ਪਰ ਸਰਕਾਰ ਨੇ ਹਰ ਮੁਹਾਜ਼ 'ਤੇ ਪੰਜਾਬ ਦਾ ਮਸਲਾ ਹੱਲ ਕਰਨ ਦੀ ਬਜਾਏ ਬਦ-ਨੀਯਤੀ ਵਰਤੀ। ਸਰਕਾਰੀ ਪ੍ਰਚਾਰ-ਪ੍ਰਸਾਰ ਸਾਧਨਾਂ ਰਾਹੀਂ ਅਤੇ ਨੈਸ਼ਨਲ ਪ੍ਰੈਸ ਰਾਹੀਂ ਸਿੱਖਾਂ ਵਿਰੁੱਧ ਪ੍ਰਚਾਰ ਕੀਤਾ ਗਿਆ। ਸਿੱਖਾਂ ਉੱਪਰ 'ਅੱਤਵਾਦੀ' ਅਤੇ 'ਵੱਖਵਾਦੀ' ਹੋਣ ਦੇ ਗ਼ਲਤ ਇਲਜ਼ਾਮ ਲਗਾ ਕੇ ਦੇਸ਼ ਦੀ ਬਹੁਗਿਣਤੀ ਦੇ ਮਨਾਂ ਵਿਚ ਸਿੱਖਾਂ ਪ੍ਰਤੀ ਨਫ਼ਰਤ, ਈਰਖਾ ਅਤੇ ਸਾੜੇ ਦੇ ਐਸੇ ਬੀਜ ਬੀਜ ਦਿੱਤੇ ਗਏ ਕਿ ਸਦੀਆਂ ਤੋਂ ਇਕੱਠੇ ਰਹਿ ਰਹੇ ਲੋਕ ਇਕ ਦੂਸਰੇ ਦੇ ਖ਼ੂਨ ਦੇ ਪਿਆਸੇ ਬਣ ਬੈਠੇ। ਕਿੰਨੇ ਦੁੱਖ ਦੀ ਗੱਲ ਹੈ ਕਿ ਜਿਸ ਦੇਸ਼ ਦੀ ਰੱਖਿਆ ਤੇ ਆਜ਼ਾਦੀ ਲਈ ਬਹਾਦਰ ਸਿੱਖ ਕੌਮ ਨੇ ਸਦੀਆਂ ਕੁਰਬਾਨੀਆਂ ਕੀਤੀਆਂ, ਘਰ-ਘਾਟ ਛੱਡ ਪਹਿਲਾਂ ਮੁਗਲਾਂ ਅਤੇ ਫਿਰ ਅੰਗਰੇਜ਼ਾਂ ਨਾਲ ਟੱਕਰਾਂ ਲਈਆਂ, ਜਿਨ੍ਹਾਂ ਨੂੰ ਅੰਗਰੇਜ਼ ਇਥੋਂ ਜਾਣ ਵੇਲੇ ਵੱਖਰਾ ਦੇਸ਼ ਲੈਣ ਦੀਆਂ ਖੁੱਲ੍ਹੀਆਂ ਪੇਸ਼ਕਸ਼ਾਂ ਕਰਦੇ ਰਹੇ, ਪਰ ਉਨ੍ਹਾਂ ਠੁਕਰਾ ਕੇ ਹਮੇਸ਼ਾ ਦੇਸ਼ ਭਗਤੀ ਦਾ ਸਬੂਤ ਪੇਸ਼ ਕੀਤਾ। ਉਨ੍ਹਾਂ ਨਾਲ ਜੋ ਸਲੂਕ ਕੀਤਾ ਗਿਆ ਉਹ ਬਹੁਤ ਦੁਖਦਾਈ ਅਤੇ ਮੰਦਭਾਗਾ ਹੋ ਨਿਬੜਿਆ।ਜੂਨ '੮੪ ਵਿਚ ਸ੍ਰੀ ਹਰਿਮੰਦਰ ਸਾਹਿਬ 'ਤੇ ਹੋਏ ਹਮਲੇ ਦੀਘਟਨਾ ਦੁਨੀਆਂ ਭਰ ਦੇ ਅਮਨਪਸੰਦ ਲੋਕਾਂ ਦੇ ਲੂੰ-ਕੰਡੇ ਖੜ੍ਹੇ ਕਰਨ ਵਾਲੀ -ਸੀ। ਇਸ ਹਮਲੇ ਦੌਰਾਨ ਜੋ ਕਤਲੋਗਾਰਤ ਕੀਤੀ ਗਈ, ਧਾਰਮਿਕ ਅਸਥਾਨ ਤੋਪਾਂ, ਟੈਂਕਾਂ ਨਾਲ ਢਾਹੇ ਗਏ, ਸਭਿਆਚਾਰਕ ਵਿਰਸਾ, ਧਾਰਮਿਕ ਗ੍ਰੰਥ ਅਗਨ ਭੇਂਟ ਕੀਤੇ ਗਏ, ਲੁੱਟਮਾਰ ਕੀਤੀ ਗਈ, ਇਹ ਸਿੱਖਾਂ ਨੂੰ ਆਪਣੇ ਹੀ ਦੇਸ਼ ਵਿਚ ਬੇਗਾਨੇ ਹੋਣ ਦਾ ਅਹਿਸਾਸ ਕਰਵਾ ਰਹੀ ਸੀ। ਐਸਾ ਤਾਂ ਹੁਕਮਰਾਨ ਦੇਸ਼ ਦੀ ਫੌਜ ਵੀ ਆਪਣੇ ਅਧੀਨ ਮੁਲਕ ਉੱਪਰ ਨਹੀਂ ਕਰਦੀ। ਦੁਨੀਆਂ ਦੇ ਇਤਿਹਾਸ ਵਿਚ ਇਹ ਪਹਿਲੀ ਘਟਨਾ ਸੀ ਜਦੋਂ ਆਪਣੇ ਹੀ ਦੇਸ਼ ਦੀ ਫੌਜ ਆਪਣੇ ਦੇਸ਼ ਵਾਸੀਆਂ 'ਤੇ ਚੜ੍ਹ ਆਈ ਸੀ ਜਿਵੇਂ ਕਿਸੇ ਦੁਸ਼ਮਣ ਦੇਸ਼ 'ਤੇ ਜਿੱਤ ਪ੍ਰਾਪਤ ਕਰਦੀ ਹੈ। ਸਭ ਤੋਂ ਵੱਡੀ ਗੱਲ ਇਹ ਕਿ ਸਰਕਾਰ ਨੇ ਆਪਣੀ ਇਸ ਨਾਦਰਸ਼ਾਹੀ ਕਾਰਗੁਜ਼ਾਰੀ ਨੂੰ ਆਪਣੀ ਗਲਤੀ ਮੰਨਣ ਦੀ ਬਜਾਏ ਇਸ ਨੂੰ ਬੜੀ ਵੱਡੀ ਜਿੱਤ ਸਮਝਿਆ। ਸ੍ਰੀ ਦਰਬਾਰ ਸਾਹਿਬ 'ਤੇ ਮਹੀਨਿਆਂ ਬੱਧੀ ਫੌਜੀ ਕਬਜ਼ਾ ਰੱਖਿਆ ਗਿਆ ਅਤੇ ਇਸ ਕਬਜ਼ੇ ਨੂੰ ਹਟਾਉਣ ਲਈ ਵੀ ਮੋਰਚਾ ਲਾਉਣਾ ਪਿਆ। ਫੌਜੀ ਹਮਲੇ ਤੋਂ ਬਾਅਦ ਫੌਜ, ਨੀਮ ਫੌਜੀ ਦਸਤਿਆਂ ਅਤੇ ਰਾਜ ਦੀ ਪੁਲੀਸ ਨੇ ਸ਼ਹਿਰਾਂ ਅਤੇ ਵਿਸ਼ੇਸ਼ ਤੌਰ 'ਤੇ ਪਿੰਡਾਂ ਵਿਚ ਜੋ ਦਮਨਕਾਰੀ ਚੱਕਰ ਚਲਾਇਆ ਇਸ ਨੇ ਅੰਗਰੇਜ਼, ਅਬਦਾਲੀ, ਜਸਪਤ, ਲਖਪਤਿ ਅਤੇ ਮੀਰ ਮੰਨੂੰ, ਜ਼ਕਰੀਆ ਆਦਿ ਸਭ ਦੇ ਜ਼ੁਲਮਾਂ ਨੂੰ ਮਾਤ ਕਰ ਦਿੱਤਾ। ਰਾਤ ਸਮੇਂ ਪਿੰਡ ਨੂੰ ਘੇਰਾ ਪਾਇਆ ਜਾਂਦਾ, ਸਾਰੇ ਪਿੰਡ ਵਿਚ ਦਹਿਸ਼ਤ ਪਾਉਣ ਲਈ ਇਕ ਦੋ ਨੌਜੁਆਨ ਅੰਮ੍ਰਿਤਧਾਰੀ ਸਿੱਖਾਂ ਨੂੰ ਪਕੜਿਆ ਜਾਂਦਾ, ਨੇੜੇ ਹੀ ਕਿਤੇ ਬਣਾਈ ਕਤਲਗਾਹ ਬੁੱਚੜਖਾਨਾ (ਇੰਟੈਰੋਗੇਸ਼ਨ ਸੈਂਟਰ) ਵਿਚ ਲਜਾਇਆ ਜਾਂਦਾ। ਫਿਰ ਬੇਹੱਦ ਜ਼ੁਲਮ ਤਸ਼ੱਦਦ ਕਰ ਕੇ, ਚਰਖੜ੍ਹੀ ਚਾੜ੍ਹਨ ਦੀ ਤਰ੍ਹਾਂ ਹੱਡੀ-ਹੱਡੀ, ਅੰਗ-ਅੰਗ ਤੋੜ ਦਿੱਤਾ ਜਾਂਦਾ। ਜੇ ਕੋਈ ਫੇਰ ਵੀ ਬਚ ਗਿਆ ਤਾਂ ਸੱਤ-ਅੱਠ ਕੇਸ ਬਣਾ ਜੇਲ੍ਹ ਭੇਜ ਦਿੱਤਾ ਜਾਂਦਾ, ਜੇ ਚੜ੍ਹਾਈ ਕਰ ਜਾਂਦਾ ਤਾਂ ਕਿਸੇ ਨਹਿਰ ਦੇ ਕੰਢੇ ਜਾਂ ਚੌਂਕ ਵਿਚ ਮੁਕਾਬਲਾ ਬਣਾ ਕੇ ਮਰਿਆ ਪ੍ਰਗਟ ਕਰ ਦਿੱਤਾ ਜਾਂਦਾ। ਇਨ੍ਹਾਂ ਜ਼ੁਲਮਾਂ-ਤਸ਼ੱਦਦਾਂ ਦੀਆਂ ਕਹਾਣੀਆਂ ਸੁਣ, ਅਨੇਕਾਂ ਨੌਜਵਾਨ ਘਬਰਾ ਕੇ ਘਰਾਂ ਤੋਂ ਭੱਜ ਗਏ, ਲੁਕ-ਛਿਪ ਗਏ।ਜੇਲੀਂ ਡੱਕੇ ਨਿਰਦੋਸ਼ ਸਿੱਖ ਨੌਜੁਆਨਾਂ ਨੂੰ ਵੱਧ ਤੋਂ ਵੱਧ ਕੈਦ ਅਤੇ ਮੌਤ ਆਦਿ ਦੀਆਂ ਸਜ਼ਾਵਾਂ ਦੇਣ ਲਈ ਨਿਤ ਦਿਹਾੜੇ ਨਵੇਂ ਤੋਂ ਨਵੇਂ ਕਾਨੂੰਨ ਬਣਾਏ ਜਾਂਦੇ ਰਹੇ, ਜਿਵੇਂ ਰਾਸ਼ਟਰੀ ਸੁਰੱਖਿਆ ਕਾਨੂੰਨ, ਇਸ ਵਿਚ ਕੀਤੀਆਂ ਸੋਧਾਂ, ਗੜਬੜੀ ਵਾਲਾ ਖੇਤਰ, ਵਿਸ਼ੇਸ਼ ਅਦਾਲਤਾਂ ਬਣਾਉਣ ਦਾ ਕਾਨੂੰਨ ਅਤੇ ਆਤੰਕਵਾਦ ਵਿਰੋਧੀ ਕਾਨੂੰਨ। ਇਨ੍ਹਾਂ ਕਾਨੂੰਨਾਂ ਅਨੁਸਾਰ ਪਕੜੇ ਗਏ ਸਿੱਖ ਨੌਜਆਨਾਂ ਨੂੰ ਅੱਤਵਾਦੀ ਗਰਦਾਨਦਿਆਂ ਉਮਰ ਕੈਦ ਜਾਂ ਫਾਂਸੀ ਦੀ ਸਜ਼ਾਵਾਂ ਤੱਕ ਦਿੱਤੀਆਂ ਗਈਆਂ। ਦੋਸ਼ੀ ਕੌਣ ਹੈ ਅਤੇ ਨਿਰਦੋਸ਼ ਕੌਣ, ਇਸ ਦਾ ਫੈਸਲਾ ਵਿਸ਼ੇਸ਼ ਅਦਾਲਤਾਂ ਵਿਚ ਹੋਣਾ ਸੀ ਜਿਨ੍ਹਾਂ ਦੀ ਕਾਰਵਾਈ ਤਕਰੀਬਨ ਇਕ-ਪਾਸੜ ਅਤੇ ਗੁਪਤ ਹੋਇਆ ਕਰਦੀ ਸੀ।੧੯੮੪ ਦੇ ਸਾਲ ਦੀਆਂ ਘਟਨਾਵਾਂ ਵਿਚ ਅਤਿਆਚਾਰ ਤੇ ਜ਼ੁਲਮ ਦੀ ਕੋਈ ਹੱਦ ਨਹੀਂ ਸੀ ਰਹੀ। ਸਿੱਖ ਇਤਿਹਾਸ ਮੁਗ਼ਲਾਂ ਦੇ ਅੱਤਿਆਚਾਰਾਂ ਨਾਲ ਭਰਿਆ ਪਿਆ ਹੈ, ਪਰ ਇਸ ਵਿਚ ਜੂਨ ੧੯੮੪ ਦੇ ਇਸ ਘੱਲੂਘਾਰੇ ਨਾਲ ਜਿਸ ਚੈਪਟਰ ਦਾ ਵਾਧਾ ਹੋਇਆ ਹੈ, ਇਹ ਪਹਿਲੇ ਜ਼ੁਲਮਾਂ, ਅਤਿਆਚਾਰਾਂ ਨੂੰ ਮਾਤ ਪਾਉਣ ਵਾਲਾ ਸਾਬਤ ਹੋਇਆ। ਇਸਦੇ ਨਾਲ ਹੀ ਇਸ ਘੱਲੂਘਾਰੇ ਦੌਰਾਨ ਜਿਨ੍ਹਾਂ ਗੁਰਸਿੱਖ ਪਰਵਾਨਿਆਂ ਨੇ ਆਪਣੇ ਪਵਿੱਤਰ ਗੁਰਧਾਮਾਂ ਦੀ ਰੱਖਿਆ ਲਈ ਸ਼ਹਾਦਤਾਂ ਪ੍ਰਾਪਤ ਕਰਕੇ ਸੂਰਮਗਤੀ ਦੇ ਜੌਹਰ ਦਿਖਾਏ, ਇਹ ਸਾਰੀ ਲੋਕਾਈ ਨੂੰ ਅਚੰਭਤ ਕਰ ਦੇਣ ਵਾਲੇ ਹਨ।

**-ਸ. ਵਰਿਆਮ ਸਿੰਘ**

# ਜੂਨ 1984 ਦੇ ਹਮਲੇ ਸਮੇਂ ਪੋਸਟਮਾਰਟਮ ਕਰਨ ਵਾਲੇ ਡਾ. ਜਗਜੀਤ ਸਿੰਘ 'ਵਧਵਾ' ਨਾਲ ਮੁਲਾਕਾਤ



ਡਾ. ਜਗਜੀਤ ਸਿੰਘ ਵਧਵਾ ਦੀ 'ਅਜੀਤ' ਅਖ਼ਬਾਰ ਵਿਚ ਖ਼ਬਰ ਛਪੀ ਸੀ ਕਿ ਜੂਨ 1984 ਨੂੰ ਸ੍ਰੀ ਦਰਬਾਰ ਸਾਹਿਬ ਵਿਚ ਫ਼ੌਜ ਹੱਥੋਂ ਜਿਹੜੇ ਆਮ ਯਾਤਰੂ ਗੋਲੀਬਾਰੀ ਦੌਰਾਨ ਮਾਰੇ ਗਏ, ਉਹ ਉਨ੍ਹਾਂ ਦਾ ਪੋਸਟਮਾਰਟਮ ਕਰਨ ਵਿਚ ਸ਼ਾਮਿਲ ਸਨ। ਫਿਰ ਅਸੀਂ ਮਿਤੀ 7-8-2019 ਨੂੰ ਕਪੂਰਥਲਾ ਵਿਖੇ ਮੈਂ ਤੇ ਮੇਰੀ ਪੋਤਰੀ ਗੁਰਮਿੰਦਰ ਕੌਰ ਤੇ ਦੋਹਤਰੀ ਸਨਮਪ੍ਰੀਤ ਕੌਰ ਉਨ੍ਹਾਂ ਦੀ ਰਿਹਾਇਸ਼ 'ਤੇ ਮਿਲਣ ਗਏ। ਮੈਂ ਉਨ੍ਹਾਂ ਨੂੰ ਜਾ ਕੇ ਪੁੱਛਿਆ ਕਿ ਤੁਹਾਡੀ 'ਅਜੀਤ' ਅਖ਼ਬਾਰ ਖ਼ਬਰ ਛਪੀ ਹੈ। ਮੈਨੂੰ ਇਸ ਸੰਬੰਧੀ ਤੁਹਾਡੇ ਕੋਲੋਂ ਹੋਰ ਜਾਣਕਾਰੀ ਚਾਹੀਦੀ ਹੈ।ਫਿਰ ਉਨ੍ਹਾਂ ਨੇ ਦੱਸਿਆ ਕਿ ਸਾਨੂੰ ਸਿਵਲ ਸਰਜਨ ਵੱਲੋਂ ਹੁਕਮ ਹੋਇਆ ਸੀ ਕਿ ਅੰਮ੍ਰਿਤਸਰ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ ਤੇ ਕਪੂਰਥਲਾ ਵਿੱਚੋਂ ਪੰਜ ਡਾਕਟਰਾਂ ਦੀ ਟੀਮ ਪੋਸਟਮਾਰਟਮ ਕਰਨ ਲਈ ਤਿਆਰ ਕੀਤੀ ਜਾਵੇ ਤੇ ਫਿਰ ਅਸੀਂ ਪੰਜ ਡਾਕਟਰ ਇਕੱਠੇ ਹੋਏ ਜਿਨ੍ਹਾਂ ਦੇ ਨਾਮ ਸਨ-ਡਾ. ਐੱਸ.ਐੱਸ. ਗਿੱਲ, ਡਾ. ਸੂਦ, ਡਾ. ਜਸਪਾਲ ਸਿੰਘ, ਮੈਂ ਆਪ (ਡਾ. ਜਗਜੀਤ ਸਿੰਘ) ਤੇ ਇਕ ਦਾ ਨਾਮ ਮੇਰੇ ਕੋਲੋਂ ਵਿੱਸਰ ਗਿਆ। ਮੈਂ ਆਪਣਾ ਜ਼ਰੂਰੀ ਸਾਮਾਨ ਤਿਆਰ ਕੀਤਾ ਤੇ 5 ਜੂਨ 1984 ਦੀ ਸ਼ਾਮ 5.00 ਵਜੇ ਫ਼ੌਜ ਦਾ ਟਰੱਕ ਹਸਪਤਾਲ ਵਿਚ ਆਇਆ ਤੇ ਅਸੀਂ ਆਪਣਾ ਸਾਮਾਨ ਰੱਖ ਕੇ ਬੈਠ ਗਏ। ਜਦੋਂ ਅਸੀਂ ਜਾ ਰਹੇ ਸੀ ਤਾਂ ਕਰਫਿਊ ਲੱਗਾ ਹੋਇਆ ਸੀ ਤੇ ਸੜਕਾਂ ਉੱਤੇ ਸੁੰਨ-ਸਾਨ ਸੀ। ਇਕ ਵੀ ਬੰਦਾ ਨਹੀਂ ਸੀ ਦਿੱਸ ਰਿਹਾ। ਇਥੋਂ ਤਕ ਕਿ ਗਲੀਆਂ ਵਿਚ ਕੁੱਤੇ ਤੇ ਅਸਮਾਨ ਵਿਚ ਪੰਛੀ ਵੀ ਨਜ਼ਰ ਨਹੀਂ ਸੀ ਆ ਰਹੇ। ਅਸੀਂ ਵੀ ਇਕ ਦੂਸਰੇ ਨਾਲ ਕੋਈ ਗੱਲ ਨਹੀਂ ਸੀ ਕਰ ਰਹੇ। ਅਸੀਂ ਦੇਰ ਸ਼ਾਮ ਨੂੰ ਮੈਡੀਕਲ ਕਾਲਜ ਅੰਮ੍ਰਿਤਸਰ ਪਹੁੰਚੇ ਤੇ ਬੀ-ਬਲਾਕ ਮੁੰਡਿਆਂ ਦੇ ਹੋਸਟਲ ਠਹਿਰੇ। ਜਿੱਥੇ ਮੈਂ ਆਪਣੀ ਐੱਮ.ਬੀ.ਬੀ.ਐੱਸ ਦੀ ਪੜ੍ਹਾਈ ਦੌਰਾਨ ਰਹਿੰਦਾ ਸੀ। ਕੋਈ ਅਫ਼ਸਰ ਆਇਆ ਤੇ ਉਹਨੇ ਸਾਨੂੰ ਕੱਲ੍ਹ ਮਿਤੀ 6 ਜੂਨ 1984 ਨੂੰ 9.00 ਵਜੇ ਤਿਆਰ ਰਹਿਣ ਲਈ ਕਿਹਾ। ਅਸੀਂ ਚਾਹ ਪੀਤੀ ਤੇ ਰਾਤ ਦੀ ਰੋਟੀ ਖਾਧੀ। ਫਿਰ ਅਸੀਂ ਦੇਰ ਰਾਤ ਤੱਕ ਮੌਜੂਦਾ ਹਾਲਾਤਾਂ ਬਾਰੇ ਗੱਲਾਂ ਕਰਦੇ ਰਹੇ। ਫਿਰ 6 ਜੂਨ ਸਵੇਰੇ ਅਸੀਂ ਤੁਰ ਕੇ ਮੈਡੀਕਲ ਕਾਲਜ ਦੇ ਮੁਰਦਾਘਰ ਗਏ, ਜਿਹੜਾ ਕਿ ਹੋਸਟਲ ਤੋਂ ਬਹੁਤਾ ਦੂਰ ਨਹੀਂ ਸੀ। ਉਥੇ ਬਾਕੀ ਜ਼ਿਲ੍ਹਿਆਂ ਦੀ ਟੀਮਾਂ, ਪੁਲਿਸ, ਸਿਵਲ ਤੇ ਹੋਰ ਅਫ਼ਸਰ ਵੀ ਮੌਜੂਦ ਸਨ । ਸਾਨੂੰ ਜ਼ਰੂਰੀ ਸਾਮਾਨ ਜਿਵੇਂ ਕਿ ਪੋਸਟਮਾਰਟਮ ਰਜਿਸਟਰ, ਕਾਰਬਨ ਪੇਪਰ ਤੇ ਪੈੱਨ ਦਿੱਤੇ ਗਏ। ਕਿਸੇ ਵੀ ਲਾਸ਼ 'ਤੇ ਨਾਮ ਨਹੀਂ ਸੀ ਲਿਖਿਆ ਸਿਰਫ਼ ਮੱਥੇ ਉੱਤੇ ਨੰਬਰ ਲਿਖੇ ਹੋਏ ਸਨ। ਉਨ੍ਹਾਂ ਨੇਸਾਨੂੰ ਹਿਦਾਇਤ ਕੀਤੀ ਕਿ ਕਿਸੇ ਲਾਸ਼ ਦੀ ਚੀਰ-ਫਾੜ ਨਹੀਂ ਕਰਨੀ ਬਸ ਗੋਲੀਆਂ ਦੀ ਗਿਣਤੀ ਤੇ ਗੋਲੀ ਕਿੱਧਰ ਦੀ ਵੱਜੀ ਤੇ ਕਿੱਧਰੋਂ ਨਿਕਲੀ ਇਸ ਦਾ ਵੇਰਵਾ ਦੇਣਾ ਹੈ। ਅਸੀਂ ਕਰੀਬ ਸ਼ਾਮ 6.00 ਵਜੇ ਤੱਕ ਪੋਸਟਮਾਰਟਮ ਕੀਤੇ। ਸ਼ਾਮ ਨੂੰ ਜਦੋਂ ਅਸੀਂ ਬਾਹਰ ਨਿਕਲੇ ਤਾਂ ਮੈਂ ਵੇਖਿਆ ਕਿ ਲਾਸ਼ਾਂ ਟਰੈਕਟਰਾਂ ਵਿਚ ਲਿਆਂਦੀਆਂ ਜਾ ਰਹੀਆਂ ਸਨ।ਵੱਖ-ਵੱਖ ਥਾਵਾਂ ਪੋਸਟਮਾਰਟਮ ਲਈ ਅਲਾਟ ਕਰ ਦਿੱਤੀਆਂ ਗਈਆਂ ਸਨ। ਮੈਂ ਭਾਈ ਅਮਰੀਕ ਸਿੰਘ ਅਤੇ ਜਨਰਲ ਸੁਬੇਗ ਸਿੰਘ ਦੀਆਂ ਲਾਸ਼ਾਂ ਦੇਖੀਆਂ ਭਾਵੇਂ ਕਿ ਮੈਂ ਉਨ੍ਹਾਂ ਦਾ ਪੋਸਟਮਾਰਟਮ ਨਹੀਂ ਸੀ ਕੀਤਾ।ਇਕ ਸ਼ਾਮ ਜਦੋਂ ਅਸੀਂ ਆਪਣੀ ਡਿਊਟੀ ਤੋਂ ਬਾਅਦ ਮੁਰਦਾਘਰ ਦੇ ਬਾਹਰ ਖੜ੍ਹੇ ਸੀ, ਅਸੀਂ ਦੇਖਿਆ ਕਿ ਇਕ ਲਾਸ਼ ਆਰਮੀ ਦੇ ਭਾਰੀ ਪਹਿਰੇ ਹੇਠ ਲਿਆਂਦੀ ਗਈ। ਸਾਨੂੰ ਬਾਅਦ ਵਿਚ ਪਤਾ ਚੱਲਿਆ ਕਿ ਇਹ ਮ੍ਰਿਤਕ ਸਰੀਰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਸੀ, ਜੋ ਵੱਖਰੇ ਕਮਰੇ ਵਿਚ ਰੱਖਿਆ ਗਿਆ ਸੀ। ਬਾਕੀ ਸਾਰੀਆਂ ਲਾਸ਼ਾਂ, ਜਿਨ੍ਹਾਂ ਦੇ ਪੋਸਟਮਾਰਟਮ ਹੋ ਚੁੱਕੇ ਸਨ, ਉਹ ਜ਼ਮੀਨ ਉੱਪਰ ਪਈਆਂ ਸਨ।ਅਗਲੀ ਸਵੇਰ 7 ਜੂਨ ਜਦੋਂ ਸੰਤ ਭਿੰਡਰਾਂਵਾਲਿਆਂ ਦਾ ਪੋਸਟਮਾਰਟਮ ਕੀਤਾ ਜਾਣਾ ਸੀ, ਇਕ ਵਿਵਾਦ ਛਿੜ ਗਿਆ। ਬਾਅਦ ਵਿਚ ਬਦਲਾ ਲਏ ਜਾਣ ਦੇ ਡਰ ਤੋਂ ਕੋਈ ਵੀ ਉਨ੍ਹਾਂ ਦੀ ਲਾਸ਼ ਦਾ ਪੋਸਟਮਾਰਟਮ ਕਰਨ ਨੂੰ ਤਿਆਰ ਨਹੀਂ ਸੀ। ਅੰਮ੍ਰਿਤਸਰ ਦੇ ਡਾਕਟਰਾਂ ਨੇ ਪੋਸਟਮਾਰਟਮ ਕਰਨ ਤੋਂ ਨਾਂਹ ਕਰ ਦਿੱਤੀ ਅਤੇ ਸਾਨੂੰ ਹੋਰ ਜ਼ਿਲ੍ਹੇ ਵਾਲਿਆਂ ਨੂੰ ਇਹ ਕਰਨ ਲਈ ਕਿਹਾ। ਅਸੀਂ ਵੀ ਮਨ੍ਹਾਂ ਕਰ ਦਿੱਤਾ। ਫਿਰ ਇਹ ਮਾਮਲਾ ਡਾਇਰੈਕਟਰ ਹੈਲਥ ਕੋਲ ਪਹੁੰਚਿਆ ਅਤੇ ਉਸ ਨੇ ਆਦੇਸ਼ ਕੀਤਾ ਕਿ ਅੰਮ੍ਰਿਤਸਰ ਦੇ ਡਾਕਟਰ ਸੰਤ ਭਿੰਡਰਾਂਵਾਲਿਆਂ ਦਾ ਪੋਸਟਮਾਰਟਮ ਕਰਨ ।ਪੰਜ ਜ਼ਿਲ੍ਹਿਆਂ ਵਿੱਚੋਂ ਵੱਖ-ਵੱਖ ਪੰਜ-ਪੰਜ ਡਾਕਟਰਾਂ ਦੀਆਂ ਟੀਮਾਂ ਬੁਲਾਈਆਂ ਗਈਆਂ। ਅਸੀਂ ਉਥੇ 3 ਦਿਨ ਰੁਕੇ ਅਤੇ ਅਸੀਂ ਸਾਰਿਆਂ ਨੇ 20-20 ਪੋਸਟਮਾਰਟਮ ਕੀਤੇ।

ਇਸ ਹਿਸਾਬ ਨਾਲ ਆਮ ਸੰਗਤ ਦੀਆਂ ਲੱਗਭਗ 500 ਲਾਸ਼ਾਂ ਦਾ ਪੋਸਟਮਾਰਟਮ ਹੋਇਆ। ਇਸ ਤੋਂ ਬਾਅਦ ਸਾਨੂੰ ਸਾਰਿਆਂ ਨੂੰ ਆਰਮੀ ਟਰੱਕ ਵਿਚ ਸਾਡੇ ਹੈੱਡਕੁਆਰਟਰ ਵਿਚ ਪਹੁੰਚਾ ਦਿੱਤਾ ਗਿਆ ਅਤੇ ਅਸੀਂ ਆਪਣੀ ਆਮ ਜ਼ਿੰਦਗੀ ਵਿਚ ਚੱਲ ਪਏ। ਮੈਂ ਬਾਕੀ ਡਾਕਟਰਾਂ ਦੇ ਤਜਰਬੇ ਬਾਰੇ ਕੁਝ ਨਹੀਂ ਕਹਿ ਸਕਦਾ, ਪਰ ਉਨ੍ਹਾਂ ਘਟਨਾਵਾਂ ਦੀਆਂ ਯਾਦਾਂ, ਆਲਾ-ਦੁਆਲਾ ਤੇ ਉਸ ਜਗ੍ਹਾ ਦੀ ਬਦਬੂ ਅੱਜ ਵੀ ਏਨੇ ਸਾਲਾਂ ਦੇ ਬਾਅਦ ਮੇਰੇ ਮਨ ਵਿਚ ਠਹਿਰੀ ਹੋਈ ਹੈ।ਅੰਮ੍ਰਿਤਸਰ ਦੇ ਸਿਵਲ ਸਰਜਨ ਅਤੇ ਡਾਇਰੈਕਟਰ ਹੈਲਥ ਸਰਵਿਸਜ਼, ਡਾਕਟਰ ਐੱਮ.ਐੱਸ. ਕੰਗ ਵੀ ਉਥੇ ਮੌਜੂਦ ਸਨ ਅਤੇ ਅਸੀਂ ਉਨ੍ਹਾਂ ਨੂੰ ਮਿਲੇ। ਉਨ੍ਹਾਂ ਨੇ ਸਾਡੇ ਕੰਮ ਦੀ ਸ਼ਲਾਘਾ ਕੀਤੀ। ਡਾਕਟਰ ਐੱਮ.ਐੱਸ. ਕੰਗ ਨੂੰ ਕੁਝ ਸਮੇਂ ਬਾਅਦ ਅੱਤਵਾਦੀਆਂ ਵੱਲੋਂ ਮਾਰ ਦਿੱਤਾ ਗਿਆ।

**(ਜਸਵੰਤ ਸਿੰਘ ਈਸੇਵਾਲ ਦੀ ਪੁਸਤਕ "ਸੀਨੇ ਵਿੱਚੋਂ ਨਿਕਲਦੀ ਰਹੇਗੀ ਹੂਕ" ਵਿੱਚੋਂ ਧੰਨਵਾਦ ਸਹਿਤ)**

# ਭਾਈ ਸਾਹਿਬ ਭਾਈ ਵੀਰ ਸਿੰਘ ਜੀ

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦਾ ਜਨਮ ਦੀਵਾਨ ਕੌੜਾ ਮੱਲ ਦੇ ਵੰਸ਼ਜ ਡਾ. ਚਰਨ ਸਿੰਘ ਦੇ ਘਰ ਬੀਬੀ ਉੱਤਮ ਕੌਰ ਦੀ ਕੁਖੋਂ 5 ਦਸੰਬਰ 1872 ਈ. ਵਿਚ ਕਟੜਾ ਗਰਬਾ ਸਿੰਘ, ਅੰਮ੍ਰਿਤਸਰ ਵਿਚ ਹੋਇਆ। ਭਾਈ ਸਾਹਿਬ ਦੇ ਦਾਦਾ ਕਾਹਨ ਸਿੰਘ ਅਤੇ ਨਾਨਾ ਗਿ.ਹਜ਼ਾਰਾ ਸਿੰਘ ਜੀ ਸਿੰਘ ਸਭਾ ਲਹਿਰ ਦੇ ਪ੍ਰਸਿੱਧ ਵਿਦਵਾਨ ਸਨ । ਭਾਈ ਸਾਹਿਬ ਦਾ ਬਚਪਨ ਗਿ. ਹਜ਼ਾਰਾ ਸਿੰਘ ਨਾਨਾ ਜੀ ਪਾਸ ਹੀ ਬੀਤਿਆ। ਭਾਈ ਵੀਰ ਸਿੰਘ ਨੇ ਉਰਦੂ-ਫ਼ਾਰਸੀ ਦੀ ਜਾਣਕਾਰੀ ਇਕ ਮੁੱਲਾਂ ਪਾਸੋਂ ਅਤੇ ਪੰਜਾਬੀ ਭਾਸ਼ਾ ਦਾ ਗਿਆਨ ਗਿਆਨੀ ਹਰਭਜਨ ਸਿੰਘ ਹੋਰਾਂ ਪਾਸੋਂ ਪ੍ਰਾਪਤ ਕੀਤਾ। ਅੱਠ ਸਾਲ ਦੀ ਉਮਰ ਵਿਚ ਭਾਈ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਹਿਜ ਪਾਠ ਮੁਕੰਮਲ ਕੀਤਾ। 1891 ਈ. ਵਿਚ ਚਰਚ ਮਿਸ਼ਨ ਸਕੂਲ ਅੰਮ੍ਰਿਤਸਰ ਤੋਂ ਪ੍ਰਵੇਸ਼ ਪ੍ਰੀਖਿਆ ਜ਼ਿਲ੍ਹੇ ਭਰ 'ਚੋਂ ਅਵੱਲ ਰਹਿ ਕੇ ਪਾਸ ਕੀਤੀ । ਆਪ ਦਾ ਵਿਆਹ 17 ਸਾਲ ਦੀ ਉਮਰ ਵਿਚ ਅੰਮ੍ਰਿਤਸਰ ਨਿਵਾਸੀ ਬੀਬੀ ਚਤੁਰ ਕੌਰ ਨਾਲ ਹੋਇਆ। ਸਾਹਿਤ ਸਿਰਜਨਾ ਦਾ ਕੰਮ ਆਪ ਨੇ 20 ਸਾਲਾਂ ਦੀ ਉਮਰ ਵਿਚ 1892 ਈ. ਤੋਂ ਸ਼ੁਰੂ ਕਰ ਦਿੱਤਾ ਸੀ ਪਰ ਪਹਿਲੀ ਪੁਸਤਕ 'ਸੁੰਦਰੀ' 1898 ਈ. ਵਿਚ ਛਪੀ । ਭਾਈ ਵੀਰ ਸਿੰਘ ਜੀ ਨੇ ਕੌਮ ਨੂੰ ਜਾਗਰਤ ਕਰਨ 'ਤੇ ਅਮੀਰ ਵਿਰਸੇ ਨਾਲ ਜੋੜਨ ਲਈ ਬੇਅੰਤ ਸਾਹਿਤ ਰਚਿਆ। ਮਾ. ਤਾਰਾ ਸਿੰਘ ਜੀ ਆਪ ਜੀ ਰਚਿਤ 'ਸੁੰਦਰੀ' ਨਾਵਲ ਪੜ੍ਹ ਕੇ ਹੀ ਗ਼ੈਰ ਸਿੱਖ ਤੋਂ ਸਿੱਖ ਬਣੇ ਸਨ। ਆਪ ਜੀ ਦੀਆਂ ਸਾਹਿਤ ਸੇਵਾਵਾਂ ਬਦਲੇ 1949 ਈ. ਵਿਚ ਪੰਜਾਬੀ ਯੂਨੀਵਰਸਿਟੀ ਵਲੋਂ 'ਡਾਕਟਰ ਆਫ਼ ਓਰੀਐਂਟਲ' ਲਿਟਰੇਚਰ ਦੀ ਡਿਗਰੀ ਪ੍ਰਦਾਨ ਕੀਤੀ ਗਈ ਸੀ। 1956 ਈ. ਵਿਚ ਗਣਰਾਜ ਦਿਵਸ ਮੌਕੇ ਭਾਈ ਵੀਰ ਸਿੰਘ ਜੀ ਨੂੰ 'ਪਦਮ ਭੂਸ਼ਨ' ਨਾਲ ਸਨਮਾਨਿਤ ਕੀਤਾ ਗਿਆ। ਭਾਈ ਵੀਰ ਸਿੰਘ ਜੀ 10 ਜੂਨ 1957 ਈ. ਸੋਮਵਾਰ ਦੀ ਸ਼ਾਮ ਨੂੰ ਚਾਰ ਵੱਜ ਕੇ 25 ਮਿੰਟ 'ਤੇ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਭਾਈ ਵੀਰ ਸਿੰਘ ਜੀ ਨੇ ਗੁਰਬਾਣੀ ਦੀ ਵਿਆਖਿਆਕਾਰੀ, ਇਤਿਹਾਸਕਾਰੀ ਰਾਹੀਂ ਜੋ ਸਿੱਖ ਕੌਮ ਦੀ ਸੇਵਾ ਕੀਤੀ ਹੈ, ਉਸ ਕਰਕੇ ਕੌਮ ਉਨ੍ਹਾਂ ਦੀ ਰਿਣੀ ਰਹੇਗੀ।

**(ਡਾ. ਗੁਰਪ੍ਰੀਤ ਸਿੰਘ)**

# ਸੰਸਾ

ਸੰਸਾ, ਵਿਸ਼ਵਾਸ ਤੇ ਅਵਿਸ਼ਵਾਸ ਦੇ ਵਿਚਾਲੇ ਲਟਕਦੀ ਅਵਸਥਾ ਹੈ। ਬੇਯਕੀਨੀ ਤੇ ਬੇਇਤਬਾਰੀ ਇਸ ਦੇ ਭਾਗ ਹੁੰਦੇ ਹਨ। ਕਿਸੇ ਦੱਸੇ ਹੋਏ ਤੱਥ, ਕਿਸੇ ਕਰਮ, ਕਿਸੇ ਵਿਹਾਰ ਜਾਂ ਕਿਸੇ ਫ਼ੈਸਲੇ ਬਾਰੇ ਅਨਿਸਚਿਤਤਾ ਇਸ ਦੇ ਰੰਗ ਹੁੰਦੇ ਹਨ। ਸੰਸੇ ਕਾਰਨ ਕਈ ਲੋਕ ਕੋਈ ਕਰਮ ਵਿਸ਼ੇਸ਼ ਕਰਨ ਤੋਂ ਝੱਕ ਜਾਂਦੇ ਹਨ, ਕੋਈ ਫ਼ੈਸਲਾ ਲੈਣ ਤੋਂ ਘਬਰਾ ਜਾਂਦੇ ਹਨ, ਕਿਸੇ ਦੀ ਰਾਏ ਮੰਨਣ ਤੋਂ ਸੰਕੋਚ ਕਰ ਜਾਂਦੇ ਹਨ।ਸਾਰੇ ਵਿਗਿਆਨ ਦਾ ਵਿਕਾਸ ਇਸ ਗੱਲ ਉਪਰ ਨਿਰਭਰ ਕਰਦਾ ਹੈ ਕਿ ਮਨੁੱਖ ਚਲਿਤ ਮਨੌਤਾਂ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਦਾ ਤੇ ਤਜਰਬਿਆਂ ਰਾਹੀਂ ਉਹਨਾਂ ਦਾ ਪਰਤਾਵਾ ਕਰ, ਸੰਸੇ ਦੀ ਸੰਭਾਵਨਾ ਘਟਾ ਲੈਂਦਾ ਹੈ।ਕਈਆਂ ਨੂੰ ਆਪਣੇ ਆਪ ਬਾਰੇ ਤੇ ਆਪਣੀ ਕਾਬਲੀਅਤ ਬਾਰੇ ਸੰਸਾ ਹੁੰਦਾ ਹੈ। ਐਸਾ ਸੰਸਾ ਆਤਮ-ਨਿਖੇਧੀ ਦੀ ਹੱਦ ਤਕ ਅਪੜ ਸਕਦਾ ਹੈ ਤੇ ਆਤਮ-ਵਿਸ਼ਵਾਸ ਨੂੰ ਚੋਟ ਮਾਰ ਸਕਦਾ ਹੈ।ਦਰਸ਼ਨ ਵਿਚ ਕਿਸੇ ਦਲੀਲ, ਤਰਕ ਜਾਂ ਦਾਅਵੇ 'ਤੇ ਸ਼ੱਕ ਕਰਨਾ ਵੀ ਸੰਸਾ ਕਹਾਉਂਦਾ ਹੈ। ਇਸੇ ਸਦਕਾ ਦਾਰਸ਼ਨਿਕ ਸ਼ੱਕੀ, ਸੰਭਵ ਤੇ ਯਕੀਨੀ ਵਿਚਾਰਾਂ ਦਾ ਨਿਖੇੜਾ ਕਰਦਾ ਹੈ।ਧਰਮ ਵਿਚ ਸੰਸਾ ਇਥੋਂ ਸ਼ੁਰੂ ਹੁੰਦਾ ਹੈ ਕਿ ਰੱਬ ਦੀ ਹੋਂਦ ਦਾ ਸਬੂਤ ਕੋਈ ਨਹੀਂ। ਇਸ ਲਈ ਉਸ ਦੀ ਹੋਂਦ ਸਥਾਪਿਤ ਨਹੀਂ ਕੀਤੀ ਜਾ ਸਕਦੀ। ਜਾਂ ਫਿਰ ਇਹ ਮਨੌਤ ਸੰਸਾ ਕਹਾਉਂਦੀ ਹੈ ਕਿ ਰੱਬ ਹੈ ਹੀ ਨਹੀਂ, ਜੋ ਨਾਸਤਕਤਾ ਕਹਾਉਂਦੀ ਹੈ। ਇਥੇ ਸੰਸਾ ਵਿਸ਼ਵਾਸ ਦੇ ਵਿਰੋਧ ਵਿਚ ਖਲੋਤਾ ਲੱਗਦਾ ਹੈ। ਜੇ ਵਿਸ਼ਵਾਸ ਕਿਸੇ ਪੰਥ ਵਿਸ਼ੇਸ਼ 'ਤੇ ਚੱਲਣ ਦੀ ਤਾਕੀਦ ਕਰਦਾ ਹੈ ਤਾਂ ਸੰਸਾ ਉਸ ਪੰਥ ਤੇ ਚੱਲਣ ਦੇ ਫ਼ੈਸਲੇ ਵਿਚ ਬਾਧਾ ਪਾ ਦੇਂਦਾ ਹੈ। ਹਰ ਧਰਮ ਉਸ ਦੀ ਪ੍ਰਭੁਤਾ ਸਥਾਪਿਤ ਕਰਨ ਲਈ ਆਪਣੇ ਅਨੁਯਾਈਆਂ 'ਤੇ ਜ਼ੋਰ ਪਾਉਂਦਾ ਹੈ। ਇਸ ਬੰਧਨ ਨੂੰ ਮੰਨਣ ਤੋਂ ਵੀ ਸੰਸਾ ਵਿਅਕਤੀ ਨੂੰ ਹਟਕ ਸਕਦਾ ਹੈ।ਸਭ ਤੋਂ ਵੱਡਾ ਸੰਸਾ ਤਾਂ ਇਹ ਸੰਸਾਰਕ ਜੀਵਨ ਹੈ। ਇਸ ਵਿਚ ਰਹਿੰਦਿਆਂ ਅਸੀਂ ਆਪਣੇ ਆਪ ਨੂੰ ਜਾਗ੍ਰਿਤ ਤੇ ਚੇਤੰਨ ਸਮਝਦੇ ਹਾਂ, ਪਰ ਅਸਲ ਵਿਚ ਸਾਰੀ ਉਮਰ ਸਾਡੀ ਜ਼ਿੰਦਗੀ ਦੇ ਅਸਲ ਮਨੋਰਥ ਵੱਲੋਂ ਸੁੱਤਿਆਂ ਹੀ ਬਤੀਤ ਹੋ ਜਾਂਦੀ ਹੈ, "ਸੰਸਾ ਇਹੁ ਸੰਸਾਰੁ ਹੈ ਸੁਤਿਆ ਰੈਣਿ ਵਿਹਾਇ।।" ਇਸ ਸਹਸੇ ਦਾ ਦੁਖ ਪਰਮੇਸ਼ਰ ਦੇ ਭੁੱਲਿਆਂ ਵਿਆਪਦਾ ਹੈ, ਉਸ ਦਾ ਨਾਮ ਸਿਮਰੀਏ ਤਾਂ ਇਹ ਸਹਸਾ, ਇਹ ਭਰਮ ਨਾਸ ਹੋ ਜਾਂਦਾ ਹੈ, "ਹਰਿ ਬਿਸਰਤ ਸਹਸਾ ਦੁਖੁ ਬਿਆਪੈ।। ਸਿਮਰਤ ਨਾਮੁ ਭਰਮੁ ਭਉ ਭਾਗੈ ।।"

**ਡਾ. ਜਸਵੰਤ ਸਿੰਘ ਨੇਕੀ**

# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ 14 ਸਾਲਾਂ ਬਾਅਦ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਪਾਕਿਸਤਾਨ ਸਿੱਖ ਜਥਾ ਮੁੜ ਜਾਣ ਦਾ ਸੁਆਗਤ

## ਜਥੇਦਾਰ ਗੜਗੱਜ ਨੇ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਜਲਦ ਖੋਲ੍ਹਣ ਲਈ ਆਖਿਆ



ਸ੍ਰੀ ਅੰਮ੍ਰਿਤਸਰ-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ 14 ਸਾਲ ਦੇ ਲੰਮੇ ਸਮੇਂ ਤੋਂ ਬਾਅਦ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਪਾਕਿਸਤਾਨ ਗੁਰਧਾਮਾਂ ਦੇ ਦਰਸ਼ਨਾਂ ਲਈ ਭਲਕੇ 10 ਜੂਨ ਨੂੰ ਜਾਣ ਵਾਲੇ ਜਥੇ ਦਾ ਸਵਾਗਤ ਕਰਦਿਆਂ ਭਾਰਤ ਅਤੇ ਪਾਕਿਸਤਾਨ ਸਰਕਾਰਾਂ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਦੋਵੇਂ ਦੇਸ਼ਾਂ ਵਿਚਕਾਰ 1974 ਦੀ ਸਹਿਮਤੀ ਮੁਤਾਬਕ ਹਰ ਸਾਲ ਚਾਰ ਸਿੱਖ ਜਥੇ ਪਾਕਿਸਤਾਨ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਂਦੇ ਹਨ, ਪਰੰਤੂ ਪੰਚਮ ਪਾਤਸ਼ਾਹ ਦੀ ਸ਼ਹੀਦੀ ਮੌਕੇ ਆਖਰੀ ਜਥਾ ਜੂਨ 2013 ਵਿੱਚ ਗਿਆ ਸੀ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਲਾਹੌਰ ਵਿਖੇ ਹੋਈ ਹੈ, ਇਸ ਲਈ ਇਹ ਅਤਿ ਜ਼ਰੂਰੀ ਹੈ ਕਿ ਹਰ ਸਾਲ ਸਮੁੱਚਾ ਖ਼ਾਲਸਾ ਪੰਥ ਗੁਰੂ ਸਾਹਿਬ ਦੇ ਸ਼ਹੀਦੀ ਦਿਹਾੜੇ ਮੌਕੇ ਉੱਥੇ ਇਕੱਤਰ ਹੋਵੇ ਅਤੇ ਗੁਰਮਤਿ ਸਮਾਗਮ ਰਾਹੀਂ ਸ਼ਰਧਾ ਸਤਿਕਾਰ ਭੇਟ ਕਰੇ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਪਿਛਲੇ ਸਾਲ ਜਦੋਂ ਉਹ ਨਵੰਬਰ 2025 ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਮੌਕੇ ਗੁਰਧਾਮਾਂ ਦੇ ਦਰਸ਼ਨਾਂ ਲਈ ਪਾਕਿਸਤਾਨ ਗਏ ਸਨ ਤਾਂ ਉਨ੍ਹਾਂ ਨੇ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਗੁਰੂ ਸਾਹਿਬ ਦੇ ਸਨਮੁਖ ਅਰਦਾਸ ਬੇਨਤੀ ਕੀਤੀ ਸੀ ਕਿ ਜੋ ਸਿੱਖ ਸ਼ਰਧਾਲੂਆਂ ਦਾ ਇੱਕ ਜਥਾ ਪੰਚਮ ਪਾਤਸ਼ਾਹ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਪਿਛਲੇ ਲੰਮੇ ਸਮੇਂ ਤੋਂ ਨਹੀਂ ਗਿਆ ਉਹ ਜਾਵੇ। ਉਨ੍ਹਾਂ ਕਿਹਾ ਕਿ ਉਸ ਮੌਕੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਨੁਮਾਇੰਦਿਆਂ ਨਾਲ ਵੀ ਇਸ ਮਾਮਲੇ ਉੱਤੇ ਗੰਭੀਰ ਵਿਚਾਰ ਚਰਚਾ ਕੀਤੀ ਗਈ ਸੀ, ਜਿਨ੍ਹਾਂ ਨੇ ਇਸ ਜਥੇ ਸਬੰਧੀ ਹਾਂ ਪੱਖੀ ਹੁੰਗਾਰਾ ਭਰਿਆ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਜੀ ਦੇ ਸਨਮੁਖ ਕੀਤੀ ਗਈ ਅਰਦਾਸ ਪੂਰੀ ਹੋਈ ਹੈ।ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਸਰਕਾਰਾਂ ਨੂੰ ਚਾਹੀਦਾ ਹੈ ਕਿ ਹੁਣ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ ਨੂੰ ਜਾਂਦਾ ਲਾਂਘਾ ਵੀ ਪਿਛਲੇ ਲਗਭਗ ਇੱਕ ਸਾਲ ਤੋਂ ਬੰਦ ਪਿਆ ਹੈ ਜਿਸ ਕਰਕੇ ਸਿੱਖ ਸੰਗਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਦੇ ਦਰਸ਼ਨ ਕਰਨ ਤੋਂ ਵਾਂਝੀ ਹੈ। ਉਨ੍ਹਾਂ ਦੋਵੇਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਆਖਿਆ ਕਿ ਸਿੱਖ ਭਾਵਨਾਵਾਂ ਦੀ ਕਦਰ ਕਰਦਿਆਂ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਵੀ ਜਲਦ ਖੋਲ੍ਹਿਆ ਜਾਵੇ ਤਾਂ ਜੋ ਸੰਗਤ ਗੁਰੂ ਘਰ ਵਿਖੇ ਨਤਮਸਤਕ ਹੋ ਸਕੇ। ਉਨ੍ਹਾਂ ਕਿਹਾ ਕਿ ਸਮੂਹ ਗੁਰੂ ਖ਼ਾਲਸਾ ਪੰਥ ਵਿਛੋੜੇ ਗਏ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨਾਂ ਲਈ ਹਰ ਰੋਜ਼ ਅਰਦਾਸ ਬੇਨਤੀ ਕਰਦਾ ਹੈ ਅਤੇ ਆਸ ਪ੍ਰਗਟਾਈ ਕਿ ਜਲਦ ਹੀ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਸਬੰਧੀ ਵੀ ਸਿੱਖਾਂ ਦੀ ਅਰਦਾਸ ਪੂਰੀ ਹੋਵੇਗੀ।

# ਲਿਖਣ ਉਮਾਹਾ

ਅਸੀਂ ਬਹੁਤ ਸਾਰੇ ਤਾਂ ਜ਼ਿੰਦਗੀ, ਬਿਨਾਂ ਕਿਸੇ ਮਕਸਦ ਤੋਂ ਜੀਅ ਰਹੇ ਹਾਂ । ਖਾਣਾ-ਪੀਣਾ, ਹੱਸਣਾ, ਸੌਣਾ, ਪਹਿਨਣਾ, ਹੰਢਾਉਣਾ; ਇਹ ਤਾਂ ਇਸ ਸਰੀਰ ਨੂੰ ਜਿਉਂਦੇ - ਰੱਖਣ ਦਾ ਇੱਕ ਵਸੀਲਾ ਹੈ, ਇਕ ਸਾਧਨ ਹੈ । ਜ਼ਿੰਦਗੀ ਸਾਹਮਣੇ ਧੇਅ ਕੀ ਹੈ ? ਟੀਚਾ = ਕੀ ਹੈ ? ਇਹ ਜਾਨਣ ਦੀ ਸਾਨੂੰ ਜ਼ਰੂਰਤ ਹੀ ਨਹੀਂ ਮਹਿਸੂਸ ਹੁੰਦੀ । ਇਸ ਵਡਮੁੱਲੇ ਜੀਵਨ ਜਾਂ ਜਨਮ, ਜਿਸ ਨੂੰ ਗੁਰਬਾਣੀ ਨੇ 'ਜਨਮ-ਰਤਨ' ਦੀ ਸੰਗਿਆ ਵੀ ਦਿੱਤੀ ਹੈ, ਦਾ ਮਕਸਦ ਆਪਣੇ ਜੀਵਨ-ਲਕਸ਼ ਨੂੰ ਪਰਾਪਤ ਕਰਨਾ ਹੈ। ਅਸੀਂ ਕਿਧਰੋਂ ਵਿਛੜ ਕੇ ਆਏ ਹਾਂ ? ਅਸੀਂ ਇਸ ਨਸ਼ਵਰ ਸਰੀਰ ਨੂੰ ਲੈ ਕੇ ਇਸ ਸੰਸਾਰ ਤੇ ਇੱਕ ਅਗੰਮੀ ਸ਼ਕਤੀ ਦੁਆਰਾਏਥੇ ਭੇਜੇ ਗਏ ਹਾਂ ਤੇ ਸਾਡਾ ਅਸਲ ਕਾਰਜ ਹੈ :-ਕਬੀਰ ਸੂਤਾ ਕਿਆ ਕਰਹਿ ਬੈਠਾ ਰਹੁ ਅਰੁ ਜਾਗੁ ।। ਜਾ ਕੇ ਸੰਗ ਤੇ ਬੀਛੁਰਾ ਤਾਹੀ ਕੇ ਸੰਗਿ ਲਾਗੁ ।। (ਅੰਗ ੧੩੭੧)ਪਰ ਅਸੀਂ ਕਰ ਕੀ ਰਹੇ ਹਾਂ ? ਆਪਣੇ ਵੱਲੋਂ ਭਰਪੂਰ ਜੀਵਨ ਜੀ ਰਹੇ ਹੈ, ਰਿਸ਼ਟ-ਪੁਸ਼ਟ ਤੇ ਤਗੜੇ ਲਗਦੇ ਹਾਂ । ਧਨੀ-ਧਨਾਢ ਤਾਂ ਜ਼ਰੂਰ ਹਾਂ, ਪਰ ਅਸਲੇ ਤੋਂ ਬਹੁਤ ਦੂਰ ਹਾਂ ।ਇਸ ਜੀਵ ਨੇ ਉਸ ਵਾਹਿਗੁਰੂ ਤੱਕ ਪੁੱਜਣਾ ਹੈ, ਜਿਸ ਲਈ ਗੁਰਬਾਣੀ ਹੁਕਮ ਕਰਦੀ ਹੈ ਕਿ ਇਹ ਪ੍ਰਾਣੀ ਆਇਆ ਤਾਂ ਲਾਹਾ ਲੈਣ ਸੀ ਪਰ ਲੱਗ ਗਿਆ ਹੋਰ ਕੰਮਾਂ ਵਿੱਚ ਤੇ ਜ਼ਿੰਦਗੀ ਬਿਨਾਂ ਕਿਸੇ ਮਕਸਦ ਅਕਾਰਥ ਹੀ ਗਵਾ ਦਿੱਤੀ :-ਪ੍ਰਾਣੀ ਤੂੰ ਆਇਆ ਲਾਹਾ ਲੈਣਿ ।।ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ।। (ਅੰਗ ੪੩)ਅਸੀਂ ਸਾਰੇ ਜੀਅ ਵਿਦਿਆਰਥੀਆਂ ਵਾਂਗ ਹੀ ਹਾਂ । ਜੀਵਨ ਇੱਕ ਪ੍ਰੀਖਿਆ ਹੈ! ਜਿਹਨਾਂ ਮਨੁੱਖਾਂ ਦੇ ਅੰਦਰ ਕੁੱਝ ਲਿਖਣ ਦਾ ਚਾਅ ਹੈ, ਉਹ ਇਸ ਗੱਲ ਨੂੰ ਉਚੇਚੇ ਧਿਆਨ ਨਾਲ ਵਿਚਾਰਨ । ਜਦੋਂ ਅਸੀਂ ਆਪਣੇ ਇਮਤਿਹਾਨਾਂ ਦੀ ਤਿਆਰੀ ਵਿਚ ਲੱਗੇ ਹੁੰਦੇ ਹਾਂ ਤਾਂ ਸਿਆਣੇ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਪ੍ਰੇਰਦੇ ਹਨ ਕਿ ਉਹ ਪੜ੍ਹਾਏ ਗਏ ਸਿਲੇਬਸ ਨੂੰ ਮੁੜ-ਮੁੜ ਲਿਖਣ । ਇਹੋ ਲੇਖਣ ਅਭਿਆਸ ਬਣ ਜਾਏਗਾ ਤੇ ਸਹਿਜ ਹੀ ਸਾਡੇ ਦਿਮਾਗ਼ ਵਿੱਚ ਸੁਰੱਖਿਅਤ ਹੋ ਸਾਂਭਿਆ ਜਾਏਗਾ । ਜਦੋਂ ਪ੍ਰੀਖਿਆ ਵਿੱਚ ਬੈਠਦੇ ਹਾਂ ਤਾਂ ਕਿਸੇ ਕੰਪਿਊਟਰ ਦੀ ਫ਼ਲਾਪੀ ਵਾਂਗ ਉਹ ਸਾਰਾ ਕੁਝ ਸਾਡੇ ਹਿਰਦੇ-ਪਟਲ ਭਾਵ ਪਰਦੇ ਉੱਤੇ ਉਪਰ ਪੈਂਦਾ ਹੈ । ਅਸੀਂ ਉਸ ਨੂੰ ਆਪਣੇ ਪਰਚੇ ਵਿੱਚ ਲਿਖ ਕੇ, ਭਲੀ ਪ੍ਰਕਾਰ ਚੰਗੇ ਨੰਬਰ ਲੈ ਕੇ ਕਾਮਯਾਬ ਹੁੰਦੇ ਹਾਂ ।ਬਿਲਕੁਲ ਏਸੇ ਤਰ੍ਹਾਂ ਦਾ ਹੁਕਮ ਗੁਰਬਾਣੀ ਵਿੱਚ ਗੁਰੂਦੇਵ ਨੇ ਕੀਤਾ ਹੈ ਕਿ ਜ਼ਿੰਦਗੀ ਦੇ ਇਮਤਿਹਾਨ ਵਿੱਚ ਕਾਮਯਾਬ ਹੋਣ ਲਈ ਨਾਮ ਪੜ੍ਹਿਆ ਵੀ ਜਾਏ ਤੇ ਨਾਮ ਲਿਖਿਆ ਵੀ ਜਾਏ । ਐਸਾ ਕਰਨ ਨਾਲ ਸਾਰੀ ਗੱਲ ਅੰਤਹਕਰਨ ਵਿੱਚ ਉੱਕਰੀ ਜਾਏ ਅਤੇ ਜਦੋਂ ਕੋਈ ਆੜਾ ਵਕਤ ਪ੍ਰੀਖਿਆ ਵਾਂਗ ਸਾਹਮਣੇ ਆਉਂਦਾ ਹੈ ਤਾਂ ਮਨੁੱਖ ਭਟਕਦਾ ਨਹੀਂ, ਡਾਵਾਂ-ਡੋਲ ਨਹੀਂ ਹੁੰਦਾ, ਡੀਗਣ-ਡੋਲਾ ਨਹੀਂ ਰਹਿੰਦਾ ਕਿਉਂਕਿ ਲੇਖਨ ਦੇ ਅਭਿਆਸ ਨਾਲ ਗੁਰੂ ਪਾਧੇ ਨੇ ਸਾਰੇ ਭਰਮ ਮੁਕਾ ਦਿੱਤੇ ਹੁੰਦੇ ਹਨ :- ਡੀਗਨ ਡੋਲਾ ਤਊ ਲਉ ਜਉ ਮਨ ਕੇ ਭਰਮਾ ।। ਭ੍ਰਮ ਕਾਟੇ ਗੁਰਿ ਆਪਣੈ ਪਾਏ ਬਿਸਰਾਮਾ ।।੧ ।। ਓਇ ਬਿਖਾਦੀ ਦੋਖੀਆ ਤੇ ਗੁਰ ਤੇ ਹੂਟੇ ।। ਹਮ ਛੂਟੇ ਅਬ ਉਨਾਂ ਤੇ ਓਇ ਹਮ ਤੇ ਛੂਟੇ ।। (ਅੰਗ ੪੦੦)ਸੇਵਾ ਤੇ ਪ੍ਰਤੀਕ ਤੇ ਨਿਮਰਤਾ ਦੇ ਪੁੰਜ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਸਤਿਗੁਰੂ ਨੂੰ ਗਿਆਨੀ ਵੀ ਕਿਹਾ ਹੈ ਤੇ ਪਾਧਾ ਵੀ; ਭਾਵ ਸਤਿਗੁਰੂ ਸਾਡਾ ਗਿਆਨਦਾਤਾ ਵੀ ਹੈ ਤੇ ਸਾਡਾ ਅਧਿਆਪਕ ਵੀ ।ਆਪ ਜੀ ਬਹੁਤ ਸੁੰਦਰ ਹੁਕਮ ਕਰਦੇ ਹਨ ਕਿ ਸਤਿਗੁਰੂ ਨੇ ਮੈਨੂੰ ਸੇਵਾ ਵਿੱਚ ਲਾ ਲਿਆ । ਇਸ ਪ੍ਰਕਾਰ ਮੇਰੇ ਮਨ ਦਾ ਸੁਭਾਅ ਐਸਾ ਬਣ ਗਿਆ ਕਿ ਮੈਂ ਇੰਜ ਮਹਿਸੂਸ ਕਰਦਾ ਹਾਂ ਜਿਵੇਂ ਵਾਹਿਗੁਰੂ ਮੇਰੇ ਅੰਦਰੋਂ ਲਿਖਾ ਰਿਹਾ ਹੈ। ਇਹ ਉਸੇ ਦੀ ਮਿਹਰ ਸਦਕਾ ਹੈ । ਹੁਣ ਲਿਖਤ ਤੇ ਲਿਖਾਰੀ ਵਿੱਚ ਕੋਈ ਅੰਤਰ ਨਹੀਂ ਰਿਹਾ। ਮੇਰੇ ਅੰਦਰ, ਇਸ ਕਾਰਜ ਲਈ ਉਹ ਉਤਸ਼ਾਹ ਤੇਉਮਾਹ ਬਣ ਕੇ ਵਿਦਮਾਨ ਹੁੰਦਾ ਹੈ:-ਆਪੇ ਲੇਖਣਿ ਆਪਿ ਲਿਖਾਰੀ ਆਪੇ ਲੇਖੁ ਲਿਖਾਹਾ ।।੧।।ਮੇਰੇ ਮਨ ਜਪਿ ਰਾਮ ਨਾਮੁ ਉਮਾਹਾ ।। ਅਨਦਿਨੁ ਅਨਦੁ ਹੋਵੈ ਵਡਭਾਗੀ ਲੈ ਗੁਰਿ ਪੂਰੈ ਹਰਿ ਲਾਹਾ ।। (ਅੰਗ ੬੦੯)ਇੱਕ ਹੋਰ ਬਹੁਤ ਉੱਤਮ ਬਾਤ ਸਪੱਸ਼ਟ ਹੋ ਕੇ ਸਾਹਮਣੇ ਆਉਂਦੀ ਹੈ, ਜਿਸ ਨੂੰ ਆਮ ਕਰਕੇ ਲੇਖਕਾਂ ਤੇ ਲਿਖਾਰੀਆਂ ਨੇ ਵਿਸਾਰਿਆ ਹੋਇਆ ਹੈ, ਖਾਸ ਕਰਕੇ ਅਜਬ ਲਿਖਾਰੀਆਂ ਨੇ । ਜਦੋਂ ਲਿਖਾਰੀ ਸੇਵਾ ਤੇ ਘਾਲ ਕਮਾਈ ਨਾਲ ਆਪਣੇ ਜੀਵਨ ਨੂੰ ਪਵਿੱਤਰ ਕਰ ਲੈਂਦਾ ਹੈ ਤਾਂ ਉਹ ਜਿਹੜੀ ਗੱਲ ਕਹਿੰਦਾ ਹੈ ਉਹ ਵੀ ਪਵਿੱਤਰ ਹੁੰਦੀ ਹੈ-'ਪਵਿੱਤਰਤਾ ਵੀ ਰੱਬ ਜਿੰਨੀ ਪਵਿੱਤਰ । ਅਜਿਹੇ ਲੇਖਕ ਦੀ ਕਹੀ ਹੋਈ ਗੱਲ ਪਾਠਕ 'ਤੇ ਅਸਰ ਵੀ ਕਰੇਗੀ ਕਿਉਂਕਿ ਉਹ ਉਪਰੋਂ 'ਓੜੀ ਹੋਈ ਲਬਾਦੇ ਰੂਪ ਗੱਲ ਨਹੀਂ ਸਗੋਂ ਪਵਿੱਤਰ ਅੰਤਰ-ਆਤਮਾ ਤੋਂ ਕਮਾਈ, ਹੰਢਾਈ ਹੋਈ ਗੱਲ ਹੋਵੇਗੀ ।ਇਸ ਨਾਲ ਅਜਿਹਾ ਲਿਖ਼ਾਰੀ ਜੋ ਕੁਝ ਕਰੇਗਾ, ਉਸ ਦੇ ਅੰਦਰ ਇੱਕ ਉਮਾਹ ਤੇ ਉਤਸ਼ਾਹ ਹੋਵੇਗਾ ਜੋ ਕਦੀ ਹੱਤੋ-ਉਤਸਾਹਤ ਨਹੀਂ ਹੋਵੇਗਾ । ਐਸੇ ਲੇਖਕ ਦੀਆਂ ਲਿਖ਼ਤਾਂ ਮਿੱਠਤ ਰੂਪ ਹੋ ਕੇ, ਪਾਠਕਾਂ ਦੇ ਅੰਦਰੀ ਰੱਚਦੀਆਂ ਸੁਮਿੱਚਦੀਆਂ ਜਾਣਗੀਆਂ ।ਏਥੇ ਇੱਕ ਹੋਰ ਗੱਲ ਬੜੀ ਵਿਚਾਰਣ ਯੋਗ ਹੈ ਕਿ ਜੇ ਵਿਦਵਾਨ ਲੇਖਕ ਦਾ ਧਿਆਨ ਨਿਰਾ ਗਿਆਨ ਵੱਲ ਹੈ ਤਾਂ ਇਹ ਗਿਆਨ-ਧਿਆਨ ਉਸ ਨੂੰ ਬੰਧਨ ਵਿੱਚ ਬੰਨ੍ਹ ਦਏਗਾ, ਗੁਰੂ ਨਾਨਕ ਸਾਹਿਬ ਦਾ ਹੁਕਮ ਹੈ.-ਗਿਆਨੁ ਧਿਆਨੁ ਸਭੁ ਕੋਈ ਰਵੈ ।। ਬਾਂਧਨਿ ਬਾਂਧਿਆ ਸਭੁ ਜਗੁ ਭਵੈ ।। ਸੇਵਾ ਕਰੇ ਸੁ ਚਾਕਰੁ ਹੋਇ ।। ਜਲਿ ਥਲਿ ਮਹੀਅਲਿ ਰਵਿ ਰਹਿਆ ਸੋਇ ।।(ਅੰਗ ੧੨੮)ਇਸ ਦਾ ਇਹ ਭਾਵ ਕਤਈ ਨਹੀਂ ਕਿ ਅਸੀਂ ਗਿਆਨ ਦੀਆਂ ਗੱਲਾਂ ਕਰਨੀਆਂ ਜਾਂ ਲਿਖਣੀਆਂ ਨਹੀਂ ਸਗੋਂ ਸਮਝਣ ਵਾਲੀ ਗੱਲ ਇਹ ਹੈ ਕਿ ਗਿਆਨ ਕਿਧਰੇ ਹਉਮੈ ਤੇ ਨਹੀਂ ਪੈਦਾ ਕਰ ਰਿਹਾ । ਜੇ ਅਜਿਹਾ ਹੈ ਤਾਂ ਉਹ ਗਿਆਨ ਸਾਨੂੰ ਅਸਲੇ ਨਾਲੋਂ ਤੋੜ ਦਏਗਾ ਤੇ ਸਭ ਕੁਝ ਹੁੰਦਿਆਂ-ਸੁੰਦਿਆਂ ਅਸੀਂ ਨਾਕਾਮਯਾਬ ਹੋ ਜਾਵਾਂਗੇ । ਸਾਡਾ ਹਾਲ ਉਹੀ ਹੋਵੇਗਾ ਕਿ ਜਿਨ੍ਹਾਂ ਬਹੁਤਾ ਲਿਖਿਆ ਪੜ੍ਹਿਆ ਓਨਾ ਹੀ ਕੜ੍ਹਿਆ । ਭੇਖਾਂ ਵਿਚ ਪੈ ਗਿਆ । ਦੇਹੀ ਪ੍ਰਧਾਨ ਹੋ ਗਈ । ਅੰਦਰਲੀ ਗੱਲ ਬਣੀ ਕੋਈ ਨਾ; ਹੋਰ ਤਰ੍ਹਾਂ ਦੀਆਂ ਨਿਕੰਮੀਆਂ ਗੱਲਾਂ ਵਿੱਚ ਪੈ ਕੇ ਸਰੀਰ ਨੂੰ ਖਰਾਬ ਕਰ ਲਿਆ :-

ਲਿਖਿ ਲਿਖਿ ਪੜਿਆ ।। ਤੇਤਾ ਕੜਿਆ।ਬਹੁ ਤੀਰਥ ਭਵਿਆ।।

ਤੇਤੋ ਲਵਿਆ ।।ਬਹੁ ਭੇਖ ਕੀਆ ਦੇਹੀ ਦੁਖੁ ਦੀਆ ।।

ਸਹੁ ਵੇ ਜੀਆ ਅਪਣਾ ਕੀਆ ।।

ਅੰਨੁ ਨ ਖਾਇਆ ਸਾਦੁ ਗਵਾਇਆ ।।

ਬਹੁ ਦੁਖੁ ਪਾਇਆ ਦੂਜਾ ਭਾਇਆ ।।

ਬਸਤ੍ਰ ਨ ਪਹਿਰੈ ।। ਅਹਿਨਿਸਿ ਕਹਰੈ ।।

ਮੋਨਿ ਵਿਗੂਤਾ ।। ਕਿਉ ਜਾਗੈ ਗੁਰ ਬਿਨੁ ਸੂਤਾ।।

ਗਿਆਨੀ ਦੀ ਟੀਸੀ ਤੇ ਪਹੁੰਚਿਆ ਹੋਇਆ ਮਨੁੱਖ ਆਤਮਕ ਸੁੱਖ ਨਹੀਂ ਮਾਣ ਸਕੇਗਾ, ਜਿਤਨਾ ਚਿਰ ਮਨ ਜਾਗਣਹਾਰਾ ਨਹੀਂ ਹੋਵੇਗਾ ਤੇ ਇਹ ਗੁਰੂ ਬਿਨਾਂ ਅਸੰਭਵ ਹੈ । ਜਿਸ ਦੀ ਖੋਜ, ਆਵਿਸ਼ਕਾਰ, ਗਿਆਨ-ਵਿਗਿਆਨ ਦਾ ਝੁਕਾਅ ਅਗੰਮੀ ਸ਼ਕਤੀ ਵਾਹਿਗੁਰੂ ਵੱਲ ਹੋਵੇਗਾ, ਉਹ ਮਾਨਯੋਗ ਤੇ ਸਤਿਕਾਰਯੋਗ ਹੈ । ਦਰ ਅਸਲ ਹੁੰਦਾ ਹੀ ਇਸ ਤਰ੍ਹਾਂ ਹੈ, ਜਿਉਂ-ਜਿਉਂ ਵਿਗਿਆਨ ਉੱਨਤੀ ਕਰਦਾ ਹੈ, ਵੱਡੇ ਦੀ ਵਡਿਆਈ ਉਘੜ-ਉਘੜ ਪੈਂਦੀ ਹੈ ।ਸੋ ਇਸ ਲਈ ਬਹੁਤ ਜ਼ਰੂਰੀ ਹੈ ਕਿ ਲਿਖ਼ਾਰੀ ਪੜ੍ਹਿਆ ਜ਼ਰੂਰ ਹੋਵੇ ਪਰ ਕੜ੍ਹਿਆ ਨਾ ਹੋਵੇ । ਜੇ ਐਸੀ ਗੱਲ ਹੈ ਤਾਂ ਫੇਰ ਭਾਵੇਂ ਜਿਤਨਾ ਮਰਜ਼ੀ ਲਿਖ ਦਏ, ਸਮਝੋ ਝੱਗਾ ਸੜਿਆ ਹੈ ਤੇ ਅਸਲੇ ਵੱਲ ਇੱਕ ਕਦਮ ਵੀ ਨਹੀਂ ਵੱਧਿਆ । ਉਦੋਂ ਹਾਲ 'ਜਿਉਂ ਕੋਹਲੂ ਬਲਦ ਫਿਰੰਦੇ' ਵਾਲਾ ਹੀ ਹੋਵੇਗਾ ।ਉੱਤੇ ਵੀ ਸੰਕੇਤ ਕੀਤਾ ਸੀ ਕਿ ਗਿਆਨ ਉਪਾਰਜਨ ਅਤੇ ਵੱਖ-ਵੱਖ ਵਿਸ਼ਿਆਂ ਤੇ ਲਿਖਣਾ ਮਨ੍ਹਾਂ ਨਹੀਂ ਪਰ ਹਰ ਐਸੀ ਗੱਲ ਵਿਸਾਰ ਦੇਣੀ ਚਾਹੀਦੀ ਹੈ ਜਿਸ ਨਾਲ ਕਰਤਾ ਵਿਸਰੇ । ਅਸੀਂ ਇੱਥੇ ਮਹਾਨ ਵਿਗਿਆਨ ਅਤੇ ਆਵਿਸ਼ਕਾਰਕ, ਸਰ ਆਈਜ਼ੈਕ ਨੀਊਟਨ ਦੀ ਮਿਸਾਲ ਲੈ ਸਕਦੇ ਹਾਂ । ਉਸਨੇ ਵਿਗਿਆਨ ਦੀ ਝੋਲੀ ਉਸਾਰੂ ਸਿਧਾਤਾਂ ਤੇ ਆਵਿਸ਼ਕਾਰਾਂ ਨਾਲ ਭਰ ਦਿੱਤੀ । ਅਨੇਕ ਨਵੇਂ ਪੰਧ ਖੋਲ੍ਹ ਦਿੱਤੇ ਜੋ ਅੱਜ ਦੇ ਵਿਗਿਆਨੀ ਖੋਜੀਆਂ ਦਾ ਅਧਾਰ ਭੂਤ ਬਣੇ ਹੋਏ ਹਨ ਪਰ ਏਨਾ ਕੁਝ ਕਰਨ ਤੋਂ ਬਾਅਦ ਉਸਨੇ ਏਹੀ ਕਿਹਾ ਕਿ ਮੈਂ ਅਜੇ ਗਿਆਨ ਦੇ ਵਿਸ਼ਾਲ ਸਾਗਰ ਦੇ ਕਿਨਾਰੇ ਖੜ੍ਹਾ ਰੇਤ ਵਿਚੋਂ ਘੋਗੇ ਹੀ ਚੁੱਗ ਰਿਹਾ ਹਾਂ । ਇਹਨਾਂ ਹੀ ਸਿਧਾਂਤਾਂ ਉੱਤੇ ਕੰਮ ਕਰਨ ਵਾਲੇ ਅਜੋਕੇ ਵਿਗਿਆਨਕ ਸ੍ਰੀ ਨਾਰਲੀਕਰ ਨੇ ਜਦੋਂ ਆਪਣੀ ਸ਼ੋਧ ਨੂੰ ਦੁਨੀਆਂ ਸਾਹਮਣੇ ਰੱਖਿਆ ਤਾਂ ਲੋਕ ਅਸ਼-ਅਸ਼ ਕਰ ਉੱਠੇ । ਨਾਰਲੀਕਰ ਨੂੰ ਕਿਹਾ ਗਿਆ ਕਿ ਤੁਸੀਂ ਕੁਝ ਕਰੋ । ਜਿਸ ਵਿਗਿਆਨਕ ਨੇ ਨੀਊਟਨ ਨੂੰ ਬੇਹਤਰ ਕੀਤਾ ਸੀ, ਉਸ ਦੀ ਨਿਮਰਤਾ ਵੀ ਨੀਊਟਨ ਤੋਂ ਅੱਗੇ ਸੀ । ਉਸਨੇ ਆਖਿਆ, ਮੈਂ ਵਿਸ਼ਾਲ ਗਹਿਰੇ ਸਮੁੰਦਰ ਦੀ ਤਹਿ ਉੱਤੇ ਤੈਰ ਰਹੇ ਇੱਕ ਵੱਡੇ ਜਹਾਜ਼ ਦੇ ਹੇਠਲੀ ਛੱਤੇ ਰੱਖੇ ਹੋਏ ਟਰੰਕ ਵਿੱਚ ਪਏ ਹੋਏ ਡੱਬੇ ਅੰਦਰ ਰੱਖੇ ਹੋਏ ਕਿਸੇ ਆਲੂ ਦੀ ਅੱਖ ਵਿੱਚ ਪਿਆ ਹੋਇਆ ਇੱਕ ਕੀੜਾ ਹਾਂ । ਮੈਂ ਗਿਆਨ ਸਾਗਰ ਦੀ ਵਿਸ਼ਾਲਤਾ ਬਾਰੇ ਕੀ ਕਹਿ ਸਕਦਾ ਹਾਂ ? ਕੀ ਇਸ ਵਿਚੋਂ ਸਾਨੂੰ ਗੁਰੂ ਅਮਰਦਾਸ ਸਾਹਿਬ ਜੀ ਦੀ ਨਿਮਰਤਾ ਦੀ ਪਵਿੱਤਰ ਖੁਸ਼ਬੂ ਨਹੀਂ ਆਉਂਦੀ ?

ਹਉ ਕਿਆ ਸਾਲਾਹੀ ਕਿਰਮ ਜੰਤੁ ਵਡੀ ਤੇਰੀ ਵਡਿਆਈ ।।

(ਅੰਗ ੭੯੨)

ਕਥਾ, ਕਹਾਣੀਆਂ, ਨਾਟਕ, ਦਾਸਤਾਨਾਂ, ਕਵਿਤਾਵਾਂ, ਜੀਵਨੀਆਂ, ਮਹਾਂਕਾਵਿ, ਗਜ਼ਲਾਂ, ਲੇਖ ਸਭ ਚੰਗੇ ਹਨ, ਜੇ ਉਹ ਏਕੇ ਨਾਲ ਜੋੜਦੇ ਹਨ । ਜਿਹੜਾ ਸਾਹਿਤ ਸਾਨੂੰ ਹਿੱਤ ਦੀ ਗੱਲ ਨਹੀਂ ਸਮਝਾ ਰਿਹਾ, ਮਹਾਂਪ੍ਰੀਤ ਦੀ ਗੱਲ ਨਹੀਂ ਸਮਝਾ ਰਿਹਾ, ਉਹ ਹਿੱਤਕਾਰੀ ਨਹੀਂ । ਐਵੇਂ ਆਵਾਜਾਈ ਹੈ, ਇੱਕ ਰੋਗ ਹੈ, ਇੱਕ ਬੀਮਾਰੀ । ਲਿਖਤ ਉਹ ਭਲੀ, ਜਿਹਦੇ ਨਾਲ ਰੋਗ ਕੱਟੇ ਜਾਂਦੇ ਹਨ ਤੇ ਮਨ ਬਲਵਾਨ ਹੁੰਦਾ ਹੈ ।ਸਾਡੀ ਬੜੀ ਖੁਸ਼ਕਿਸਮਤੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਆਪਣੇ ਆਪ ਨੂੰ ਸ਼ਾਇਰ ਤੇ ਲਿਖਾਰੀ ਕਹਿ ਕੇ ਸਾਡਾ ਮਾਨ ਵਧਾਇਆ ਹੈ। ਸਾਨੂੰ ਆਪਣੀ ਜਮਾਤ ਵਿੱਚ ਬਿਠਾਇਆ ਹੈ ਤੇ ਸਾਨੂੰ ਆਪਣੇ ਵਿਸ਼ਾਲ ਟੱਬਰ ਦਾ ਸਦੱਸਯ ਬਣਾ ਲਿਆ ਹੈ । ਹੁਣ ਸਾਡੀ ਕਾਨੀ ਧਿਆਨ ਨਾਲ ਵੱਗੇ ਕਿਉਂਕਿ ਇਹ ਕਿਸੇ ਤੇਗ਼-ਤਲਵਾਰ ਨਾਲੋਂ ਘੱਟ ਨਹੀਂ ।ਇਕ ਕਾਨੀ ਦੁਆਰਾ ਲਿਖੀ-ਲਿਖਤ ਲੱਖਾਂ ਹੱਥਾਂ ਨੂੰ ਏਨੀ ਦ੍ਰਿੜਤਾ ਬਖਸ਼ ਸਕਦੀ ਹੈ ਕਿ ਉਹਨਾਂ ਹੱਥਾਂ ਦੀ ਗ੍ਰਿਫਥ ਵਿੱਚ ਕਿਰਪਾਨਾਂ ਘੁੱਟ ਕੇ ਫੜੀਆਂ ਜਾ ਸਕਦੀਆਂ ਹਨ ।

**ਬਲਵਿੰਦਰ ਸਿੰਘ**

# ਪਾਕਿਸਤਾਨ ਗੁਰਧਾਮਾਂ ਦੀ ਯਾਤਰਾ ਲਈ ਕਈ ਸ਼ਰਧਾਲੂਆਂ ਨੂੰ ਇਜਾਜ਼ਤ ਨਾ ਦੇਣਾ ਮੰਦਭਾਗਾ : ਸੁਖਜਿੰਦਰ ਸਿੰਘ ਰੰਧਾਵਾ

ਚੰਡੀਗੜ੍ਹ-ਸੀਨੀਅਰ ਕਾਂਗਰਸ ਆਗੂ ਅਤੇ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਪਾਕਿਸਤਾਨ ਵਿੱਚ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨਾਂ ਲਈ ਬਹੁਤ ਸਾਰੇ ਸਿੱਖ ਸ਼ਰਧਾਲੂਆਂ ਨੂੰ ਇਜਾਜ਼ਤ ਨਾ ਦਿੱਤੇ ਜਾਣ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ। ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਮੰਦਭਾਗਾ ਹੈ ਕਿ ਸ਼ਰਧਾਲੂਆਂ ਨੂੰ ਯਾਤਰਾ ਦੀ ਆਗਿਆ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ। ਇਹ ਇੱਕ ਪ੍ਰਸ਼ਾਸਕੀ ਅਸਫਲਤਾ ਹੈ। ਰੰਧਾਵਾ ਨੇ ਕਿਹਾ ਕਿ ਸੁਰੱਖਿਆ ਜਾਂ ਪ੍ਰਸ਼ਾਸਕੀ ਤਸਦੀਕ ਪ੍ਰਕਿਰਿਆਵਾਂ ਸਮੇਂ ਸਿਰ ਪੂਰੀ ਨਾ ਹੋਣ ਕਾਰਨ ਕੁਝ ਸ਼ਰਧਾਲੂਆਂ ਨੂੰ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਇਹ ਇੱਕ ਗੰਭੀਰ ਪ੍ਰਸ਼ਾਸਕੀ ਮੁੱਦਾ ਹੈ, ਜਿਸ 'ਤੇ ਕੇਂਦਰ ਸਰਕਾਰ ਨੂੰ ਸਪੱਸ਼ਟ ਜਵਾਬ ਦੇਣਾ ਚਾਹੀਦਾ ਹੈ।ਉਨ੍ਹਾਂ ਕੇਂਦਰ ਸਰਕਾਰ ਤੋਂ ਪੁੱਛਿਆ ਕਿ ਸਬੰਧਤ ਸ਼ਰਧਾਲੂਆਂ ਲਈ ਤਸਦੀਕ ਪ੍ਰਕਿਰਿਆ ਸਮੇਂ ਸਿਰ ਕਿਉਂ ਪੂਰੀ ਨਹੀਂ ਹੋਈ ਅਤੇ ਇਸ ਦੇ ਪਿੱਛੇ ਕੀ ਕਾਰਨ ਸਨ। ਧਾਰਮਿਕ ਯਾਤਰਾਵਾਂ ਨਾਲ ਸਬੰਧਤ ਮਾਮਲਿਆਂ ਵਿੱਚ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਰੰਧਾਵਾ ਨੇ ਕਿਹਾ ਕਿ ਸ਼ਰਧਾਲੂਆਂ ਦੀ ਆਸਥਾ ਸਭ ਤੋਂ ਮਹੱਤਵਪੂਰਨ ਹੈ ਅਤੇ ਇਹ ਸਰਕਾਰਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਇਹ ਯਕੀਨੀ ਬਣਾਉਣ ਕਿ ਧਾਰਮਿਕ ਯਾਤਰਾਵਾਂ ਲਈ ਲੋੜੀਂਦੀਆਂ ਸਾਰੀਆਂ ਪ੍ਰਕਿਰਿਆਵਾਂ ਪਾਰਦਰਸ਼ੀ, ਸਮੇਂ ਸਿਰ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪੂਰੀਆਂ ਹੋਣ। ਉਨ੍ਹਾਂ ਮੰਗ ਕੀਤੀ ਕਿ ਪੂਰੇ ਮਾਮਲੇ ਦੀ ਸਮੀਖਿਆ ਕੀਤੀ ਜਾਵੇ, ਅਤੇ ਪ੍ਰਭਾਵਿਤ ਸ਼ਰਧਾਲੂਆਂ ਨੂੰ ਸਹੀ ਢੰਗ ਨਾਲ ਸੂਚਿਤ ਕੀਤਾ ਜਾਵੇ, ਅਤੇ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਠੋਸ ਕਦਮ ਚੁੱਕੇ ਜਾਣ।ਰੰਧਾਵਾ ਨੇ ਕਿਹਾ ਕਿ ਹਰਿਆਣਾ ਸਰਕਾਰ ਅਤੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੂੰ ਹਰਿਆਣਾ ਤੋਂ ਪ੍ਰਭਾਵਿਤ ਸ਼ਰਧਾਲੂਆਂ ਬਾਰੇ ਰਾਜ ਸਰਕਾਰ ਦੁਆਰਾ ਚੁੱਕੇ



ਗਏ ਕਦਮਾਂ ਅਤੇ ਭਵਿੱਖ ਵਿੱਚ ਅਜਿਹੀ ਸਥਿਤੀ ਨੂੰ ਦੁਬਾਰਾ ਨਾ ਹੋਣ ਤੋਂ ਰੋਕਣ ਲਈ ਕੀ ਪ੍ਰਬੰਧ ਕੀਤੇ ਜਾ ਰਹੇ ਹਨ, ਇਹ ਸਪੱਸ਼ਟ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੂੰ ਆਪਣੇ ਰਾਜ ਅਤੇ ਇਸਦੇ ਲੋਕਾਂ ਨਾਲ ਸਬੰਧਤ ਮਹੱਤਵਪੂਰਨ ਮੁੱਦਿਆਂ 'ਤੇ ਵਧੇਰੇ ਧਿਆਨ ਦੇਣਾ ਚਾਹੀਦਾ ਹੈ। ਧਾਰਮਿਕ ਯਾਤਰਾਵਾਂ ਅਤੇ ਸ਼ਰਧਾਲੂਆਂ ਲਈ ਸਹੂਲਤਾਂ ਨਾਲ ਸਬੰਧਤ ਮਾਮਲਿਆਂ ਵਿੱਚ ਜਵਾਬਦੇਹੀ ਅਤੇ ਸੰਵੇਦਨਸ਼ੀਲਤਾ ਜ਼ਰੂਰੀ ਹੈ। ਧਾਰਮਿਕ ਯਾਤਰਾਵਾਂ ਨਾਲ ਸਬੰਧਤ ਮਾਮਲਿਆਂ ਵਿੱਚ ਪਾਰਦਰਸ਼ਤਾ, ਜਵਾਬਦੇਹੀ ਅਤੇ ਸਮੇਂ ਸਿਰ ਕਾਰਵਾਈ ਨੂੰ ਯਕੀਨੀ ਬਣਾਉਣਾ ਸਰਕਾਰਾਂ ਦੀ ਮੁੱਖ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ।

# ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਮਨਾਉਣ ਲਈ ਜੈਕਾਰਿਆਂ ਦੀ ਗੂੰਜ ’ਚ ਪਾਕਿਸਤਾਨ ਲਈ ਰਵਾਨਾ ਹੋਇਆ ਸਿੱਖ ਸ਼ਰਧਾਲੂਆਂ ਦਾ ਜਥਾ



ਅੰਮ੍ਰਿਤਸਰ-ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਮਨਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 541 ਸ਼ਰਧਾਲੂਆਂ ਦਾ ਜਥਾ ਅੱਜ ਸ਼੍ਰੋਮਣੀ ਕਮੇਟੀ ਮੈਂਬਰ ਸ. ਭੁਪਿੰਦਰ ਸਿੰਘ ਭਲਵਾਨ ਤੇ ਸ. ਗੁਰਮੀਤ ਸਿੰਘ ਬੂਹ ਦੀ ਅਗਵਾਈ ਹੇਠ ਸ਼੍ਰੋਮਣੀ ਕਮੇਟੀ ਦਫ਼ਤਰ ਤੋਂ ਜੈਕਾਰਿਆਂ ਦੀ ਗੂੰਜ ’ਚ ਰਵਾਨਾ ਹੋਇਆ।ਰਵਾਨਗੀ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਵਧੀਕ ਸਕੱਤਰ ਸ. ਬਿਜੈ ਸਿੰਘ, ਸ. ਜਸਵਿੰਦਰ ਸਿੰਘ ਜੱਸੀ, ਸ. ਪ੍ਰੀਤਪਾਲ ਸਿੰਘ, ਸ. ਭਗਵੰਤ ਸਿੰਘ ਧੰਗੇੜਾ ਨੇ ਜਥੇ ਦੇ ਆਗੂਆਂ ਨੂੰ ਸਿਰੋਪਾਓ ਦੇ ਕੇ ਨਿਵਾਜਿਆ। ਇਹ ਜਥਾ 18 ਜੂਨ ਨੂੰ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ ਸ਼ਹੀਦੀ ਪੁਰਬ ਮਨਾਉਣ ਮਗਰੋਂ 19 ਜੂਨ ਨੂੰ ਦੇਸ਼ ਵਾਪਸ ਪਰਤੇਗਾ।ਇਸ ਮੌਕੇ ਜਥੇ ਦੀ ਅਗਵਾਈ ਕਰ ਰਹੇ ਸ਼੍ਰੋਮਣੀ ਕਮੇਟੀ ਮੈਂਬਰ ਸ. ਭੁਪਿੰਦਰ ਸਿੰਘ ਭਲਵਾਨ ਨੇ ਕਿਹਾ ਕਿ ਸਿੱਖ ਸ਼ਰਧਾਲੂਆਂ ਦੀ ਭਾਵਨਾ ਸੀ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਮੌਕੇ ਉਨ੍ਹਾਂ ਦੇ ਸ਼ਹੀਦੀ ਅਸਥਾਨ ’ਤੇ ਨਤਮਸਤਕ ਹੋਵੇ। ਉਨ੍ਹਾਂ ਕਿਹਾ ਕਿ ਲੰਮੇ ਸਮੇਂ ਤੋਂ ਸ਼ਹੀਦੀ ਪੁਰਬ ਮੌਕੇ ਜਥਾ ਨਹੀਂ ਜਾ ਸਕਿਆ ਸੀ, ਪਰ ਗੁਰੂ ਸਾਹਿਬ ਦੀ ਰਹਿਮਤ ਨਾਲ ਇਸ ਵਾਰ ਜਥੇ ਨੂੰ ਪ੍ਰਵਾਨਗੀ ਮਿਲੀ ਹੈ। ਉਨ੍ਹਾਂ ਕਿਹਾ ਕਿ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਅਨੁਸਾਰ ਇਹ ਜਥਾ ਹਰ ਸਾਲ ਭੇਜੇ ਜਾਣ ਨੂੰ ਦੋਵੇਂ ਦੇਸ਼ਾਂ ਦੀਆਂ ਸਰਕਾਰਾਂ ਯਕੀਨੀ ਬਨਾਉਣ।ਇਸੇ ਦੌਰਾਨ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਗੁਰਿੰਦਰ ਸਿੰਘ ਮਥਰੇਵਾਲ ਨੇ ਦੱਸਿਆ ਕਿ ਇਹ ਜਥਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਪੁੱਜੇਗਾ, ਜਿਥੋਂ 11 ਜੂਨ ਨੂੰ ਗੁਰਦੁਆਰਾ ਸੱਚਾ ਸੌਦਾ ਸਾਹਿਬ, ਸ਼ੇਖੂਪੁਰਾ ਜਾਵੇਗਾ। 12 ਜੂਨ ਨੂੰ ਇਹ ਜਥਾ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਦੇ ਦਰਸ਼ਨਾਂ ਲਈ ਰਵਾਨਾ ਹੋਵੇਗਾ, ਜਿਥੋਂ 14 ਜੂਨ ਨੂੰ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਪੁੱਜੇਗਾ।

15 ਜੂਨ ਨੂੰ ਜਥਾ ਗੁਰਦੁਆਰਾ ਸ੍ਰੀ ਰੋੜੀ ਸਾਹਿਬ ਐਮਨਾਬਾਦ ਦੇ ਦਰਸ਼ਨ ਦੀਦਾਰ ਕਰਨ ਉਪਰੰਤ ਗੁਰਦੁਆਰਾ ਸ੍ਰੀ ਡੇਹਰਾ ਸਾਹਿਬ ਲਾਹੌਰ ਵਿਖੇ ਪੁੱਜੇਗਾ, ਜਿਥੇ 16 ਜੂਨ ਨੂੰ ਸ਼ਹੀਦੀ ਸਮਾਗਮਾਂ ਸਬੰਧੀ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਹਵੇਗੀ।

18 ਜੂਨ ਨੂੰ ਜਥਾ ਸ਼ਹੀਦੀ ਸਮਾਗਮਾਂ ਵਿਚ ਸ਼ਮੂਲੀਅਤ ਕਰੇਗਾ ਅਤੇ 19 ਜੂਨ ਨੂੰ ਜਥੇ ਦੀ ਦੇਸ਼ ਵਾਪਸੀ ਹੋਵੇਗੀ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸੁਪ੍ਰਿੰਟੈਂਡੈਂਟ ਸ. ਨਿਸ਼ਾਨ ਸਿੰਘ, ਸ. ਮਲਕੀਤ ਸਿੰਘ ਬਹਿੜਵਾਲ, ਇੰਚਾਰਜ ਸ. ਜਗਜੀਤ ਸਿੰਘ, ਸ/ਸੁਪਰਵਾਈਜ਼ਰ ਸ. ਕਰਮਜੀਤ ਸਿੰਘ ਸਮੇਤ ਹੋਰ ਹਾਜ਼ਰ ਸਨ।

# ਸ੍ਰੀ ਦਰਬਾਰ ਸਾਹਿਬ ਨੂੰ ਜਾਂਦਾ ਮੁੱਖ ਰਸਤਾ ਪੁੱਟਣ ਕਰਕੇ ਸ਼ਰਧਾਲੂ ਸਿੱਖਾਂ ਵਿੱਚ ਰੋਸ

.ਸਿੱਖਾਂ ਦੇ ਕੇਂਦਰੀ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ ਜਾਂਦਾ ਮੁੱਖ ਰਸਤਾ ਪੁੱਟਣ ਕਰਕੇ ਸ਼ਰਧਾਲੂ ਸਿੱਖਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ ਇਸ ਸਬੰਧੀ ਸ. ਜਸਕਰਨ ਸਿੰਘ (ਮੀਡੀਆ ਸਰੋਤ, ਸਕੱਤਰੇਤ ਸ੍ਰੀ ਅਕਾਲ ਤਖਤ ਸਾਹਿਬ) ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਇਕ ਸ਼ਰਧਾਲੂ ਦੀ ਵੀਡੀਓ ਜਾਰੀ ਕਰਦਿਆਂ ਹੋਇਆਂ ਇਸ ਸਬੰਧੀ ਲਿਖਿਆ ਹੈ ਕਿ ਦਰਬਾਰ ਸਾਹਿਬ ਨੂੰ ਜਾਂਦਾ ਮੁੱਖ ਰਸਤਾ ਪੁੱਟਣ ਦਾ "ਮਾਮਲਾ ਧਿਆਨ ਵਿੱਚ ਆਉਂਦਿਆਂ ਹੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨਾਲ ਫ਼ੋਨ ਉੱਤੇ ਗੱਲ ਕਰਕੇ ਇਹ ਕੰਮ ਤੁਰੰਤ ਰੋਕਣ ਅਤੇ ਸੰਗਤ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਣ ਨੂੰ ਤਰਜੀਹ ਦੇਣ ਲਈ ਕਿਹਾ।



ਇਸ ਮਾਮਲੇ ਸਬੰਧੀ 6 ਜੂਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸੰਦੇਸ਼ ਵਿੱਚ ਵੀ ਜਥੇਦਾਰ ਨੇ ਸਰਕਾਰ ਨੂੰ ਕਿਹਾ ਸੀ ਕਿ ਹੁਣ ਜਦੋਂ ਸ੍ਰੀ ਅੰਮ੍ਰਿਤਸਰ ਸ਼ਹਿਰ ਦੇ 450 ਸਾਲਾ ਸਥਾਪਨਾ ਦਿਹਾੜੇ ਦੀ ਸ਼ਤਾਬਦੀ ਨੂੰ ਸਿਰਫ਼ ਇੱਕ ਸਾਲ ਦਾ ਸਮਾਂ ਰਹਿ ਗਿਆ ਹੈ ਤਾਂ ਸਰਕਾਰ ਤਖ਼ਤ ਸਾਹਿਬਾਨ ਤੇ ਸ੍ਰੀ ਦਰਬਾਰ ਸਾਹਿਬ ਨੂੰ ਆਉਂਦੇ ਰਸਤੇ ਨਾ ਪੁੱਟੇ।

ਇਤਨੇ ਘੱਟ ਸਮੇਂ ਵਿੱਚ ਘੱਟੋ ਘੱਟ ਸਰਕਾਰ ਸ਼ਹਿਰ ਵਿੱਚੋਂ ਗੰਦਗੀ ਹਟਾ ਕੇ ਸਾਫ਼ ਸਫ਼ਾਈ ਦਾ ਵਿਸ਼ੇਸ਼ ਪ੍ਰਬੰਧ ਕਰੇ। ਜਥੇਦਾਰ ਦੇ ਫ਼ੋਨ ਤੋਂ ਬਾਅਦ ਪ੍ਰਸ਼ਾਸਨ ਹਰਕਤ ਵਿੱਚ ਆਇਆ ਹੈ।

ਦਰਬਾਰ ਸਾਹਿਬ ਦੇ ਪ੍ਰਬੰਧਕਾਂ ਨੇ ਵੀ ਅੰਮ੍ਰਿਤਸਰ ਜ਼ਿਲ੍ਹਾ ਪ੍ਰਸ਼ਾਸਨ ਨਾਲ ਗੱਲਬਾਤ ਸ਼ੁਰੂ ਕੀਤੀ ਹੋਈ ਹੈ।"

# ENDEAVOUR / ENTERPRISE

"Enterprise or endeavour leads to wealth, just as a fan brings a cool breeze." Even a person who does not fully understand the meaning of this saying often uses it in praise of hard work and an enterprising nature.

In Sikhism, great emphasis has been laid on endeavour so that a person, while leading a responsible family life, may also play a worthy role in society, religion, and the community. Through the sacred teachings of the Gurus and Gurbani, one is inspired in many ways to lead an active and enthusiastic life. Gurbani teaches that the spirit of endeavour purifies the mind and energizes the body:

"By making the endeavour, my mind is rendered purified." (Ang 99) Endeavour, which is a keynote of the Sikh faith, also brings peace, joy, and calmness to the mind: "By endeavouring in the way of God, the heart becomes joyful."

(Ang 201) This uddam (endeavour) does not support asceticism, renunciation, or escapism. Rather, it encourages an active household life. The spirit of endeavour rejects parasitism and laziness. A true devotee of the Guru is a sincere and honest worker — a giver, a donor, and one who shares earnings with the less fortunate.

It is an established truth that righteous endeavour brings contentment and deep inner satisfaction. Efforts made in the spiritual sphere lead toward supreme bliss: "By endeavouring in the way of God, I found bliss." (Ang 815) However, endeavours driven by ego cannot be called pure, for they fill the mind with pride and self-conceit, ultimately leading a person toward evil passions and destructive tendencies. Such a person deviates from the true purpose of life. Gurbani warns:"In ego, one loses one's caste and lineage." Therefore, to become successful on the journey of life, one must remain alert and ensure that one's efforts are positive, wise, and righteous. Sri Guru Granth Sahib Ji provides complete guidance so that one may not abandon the path of endeavour and fall into laziness or inactivity.

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥
ਅੰਗ – 522

"By endeavouring and working honestly, O soul, enjoy peace and happiness. By meditating upon God, attain union with the Lord; thus, says Nanak, your anxieties shall depart."(Ang 522)

One is expected to work hard and do so with honesty and diligence. Through righteous earnings, a person can lead a socially honourable and respectable life. Such earnings provide comfort and fulfilment to the devotee. Along with performing worldly duties, the enterprising devotee should constantly remember God, the Bestower of all blessings and the Supreme Giver. By maintaining this balance between worldly responsibilities and spiritual remembrance, one can attain union with the Almighty. Such a person neither remains burdened with worry nor fears worldly troubles. The individual whose hands remain engaged in honest labour and whose mind remains focused on the Divine Master successfully crosses the worldly ocean. Through selfless dedication to an enterprising life and remembrance of the Holy Name, such a person becomes successful in this world and acceptable in the Divine Court.

ਉਦਮੁ ਕਰਤ ਸੀਤਲ ਮਨ ਭਏ ॥
ਮਾਰਗਿ ਚਲਤ ਸਗਲ ਦੁਖ ਗਏ ॥ਅੰਗ – 201

"By endeavouring in the way of God, the mind becomes peaceful and serene; By walking upon this path, all suffering departs."

(Ang 201)

True endeavour brings peace to the mind and removes suffering from life. Gurbani does not encourage idleness, dependence, or withdrawal from society. Instead, it teaches humanity to live actively, truthfully, and responsibly while remaining spiritually connected with the Divine. The Sikh way of life is therefore a balanced path — combining honest labour, remembrance of God, sharing with others, and selfless service. Such endeavour not only uplifts the individual but also strengthens society and humanity as a whole.

**Saroop Singh Alag**

(ਖ਼ਾਲਸਾ ਅਖ਼ਬਾਰ ਲਾਹੌਰ ਦਾ ਇਕ ਸੰਪਾਦਕੀ ਲੇਖ)

# ਇਤਫਾਕ ਕਜਾ ਵਸਤੂ ਹੈ ?


ਗਿਆਨੀ ਦਿੱਤ ਸਿੰਘ

ਅੱਜ ਕੱਲ ਬਹੁਤ ਸਾਰੇ ਲੋਗ ਸਾਡੇ ਕੰਨਾਂ ਵਿਚ ਏਹੋ ਅਵਾਜ਼ ਪਾਉਂਦੇ ਹਨ ਕਿ ਜਿਤਨਾ ਚਿਰ ਇਤਫਾਕ ਨਹੀਂ ਹੁੰਦਾ ਉਤਨਾ ਚਿਰ ਪੰਥ ਦੀ ਉੱਨਤੀ ਹੋਨੀ ਅਤੀ ਕਠਨ ਹੈ ਅਰ ਬਹੁਤ ਸਾਰੀਆਂ ਅਖਬਾਰਾਂ ਵਿਚ ਇਸ ਵਿਸ਼ੇ ਪਰ ਮਜ਼ਮੂਨ ਨਿਕਲ ਚੁੱਕੇ ਅਰ ਨਿਕਲ ਰਹੇ ਹਨ ਕਿ ਆਪਸ ਵਿਚ ਇਤਫਾਕ ਕਰੋ ਅਰ ਅਪਨੇ ਆਪ ਨੂੰ ਸੁਧਾਰੋ।।ਇਸ ਪੁਕਾਰ ਨੂੰ ਅਸੀਂ ਵੱਡੀ ਹੀ ਇੱਜ਼ਤ ਨਾਲ ਸੁਨਦੇ ਅਰ ਅੱਖੀਂ ਨਾਲ ਦੇਖਦੇ ਹਾਂ ਤੇ ਇਸ ਬਾਤ ਪਰ ਅਸੀਂ ਭੀ ਪੂਰਾ-ਪੂਰਾ ਵਿਸ਼੍ਵਾਸ ਰੱਖਦੇ ਹਾਂ ਅਰ ਜਾਨਦੇ ਹਾਂ ਕਿ ਇਹ ਬਿਲਕੁਲ ਸੱਤ ਹੈ, ਕਿਉਂਕਿ ਜਿਤਨਾ ਚਿਰ ਸਾਡਾ ਆਪਸ ਵਿਚ ਇਤਫਾਕ ਨਹੀਂ ਹੁੰਦਾ ਉਤਨਾ ਚਿਰ ਸਾਡੀ ਹਾਲਤ ਬਹੁਤ ਹੀ ਖਰਾਬ ਸਮਝੀ ਜਾਏਗੀ, ਜਿਸ ਤੇ ਇਹ ਆਖਨਾ ਪੈਂਦਾ ਹੈ ਜੋ ਕਿਸੇ ਕੌਮ ਯਾ ਦੇਸ ਨੇ ਕਦੇ ਭੀ ਤਰੱਕੀ ਨਹੀਂ ਕੀਤੀ ਜਿਤਨਾ ਚਿਰ ਉਸ ਵਿਚ ਇਤਫਾਕ ਦੀ ਨਵੀਂ ਜ਼ਿੰਦਗੀ ਨੇ ਕੰਮ ਨਹੀਂ ਕੀਤਾ। ਪਰੰਤੂ ਆਮ ਭਾਈਆਂ ਦੇ ਕਥਨ ਅਤੇ ਸਾਡੇ ਖਜਾਲ ਵਿਚ ਇਤਫਾਕ ਦੇ ਅਰਥ ਪਰ ਬਹੁਤ ਭੇਦ ਪ੍ਰਤੀਤ ਹੁੰਦਾ ਹੈ ਜਿਸ ਦਾ ਨਿਰਨਾ ਕਰਨੇ ਤੇ ਅਸੀਂ ਆਸ਼ਾ ਰੱਖਦੇ ਹਾਂ ਕਿ ਸਾਰੇ ਲੋਕ ਸਮਝ ਜਾਨਗੇ ਕਿ ਇਤਫਾਕ ਨਾਮ ਕਿਸ ਪਦਾਰਥ ਦਾ ਹੈ?ਸਾਡੇ ਭਾਈਆਂ ਨੇ ਇਤਫਾਕ ਦੇ ਅਸੂਲ ਇਹ ਸਮਝੇ ਹਨ ਕਿ ਹਰ ਇਕ ਕੌਮ ਦਾ ਬੰਦ, ਆਪਸ ਵਿਚ ਮਿਲ ਕੇ ਬੈਠ ਜਾਏ ਅਰ ਕੋਈ ਕਿਸੇ ਪਰ ਕਿਸੇ ਪ੍ਰਕਾਰ ਦੀ ਨੁਕਤਾਚੀਨੀ ਨ, ਕਰੇ, ਜਿਸ ਤੇ ਸਾਰੇ ਰਲ ਮਿਲ ਕੇ ਇਕ ਬਨੇ ਰਹਿਨ ਅਤੇ ਅਮਨ ਨਾਲ ਸਾਰੀ ਕਾਰਵਾਇ ਹੋਵੇ, ਜਿਸ ਵਿਚ ਕਿਸੇ ਦੀ ਕਾਰਵਾਈ ਪਰ ਕੋਈ ਕੁਤਰਕ ਨਾ ਕੀਤੀ ਜਾਏ ਅਰ ਇ ਵਰਤਾਓ ਦਾ ਨਾਉਂ ਇਤਫਾਕ ਹੈ।।ਪਰੰਤੂ ਅਸੀਂ ਇਸ ਇਤਫਾਕ ਨੂੰ ਭਾਵੇਂ ਨਹੀਂ ਆਖਦੇ ਕਿੰਤੂ ਇਤਨਾ ਆਖਨਾ ਜ਼ਰੂਰੀ ਸਮਝਦੇ ਹਾਂ ਕਿ ਅਜੇਹੇ ਇਤਫਾਕ ਦਾ ਹੋਨਾ ਸਰਸੋਂ ਦੇ ਫੁੱਲਾਂ ਵਾਂਗ ਕੇਵਲ ਇਕ ਦਿਖਾਵਾ ਮਾਤ੍ਰ ਹੀ ਸੁੰਦਰ ਪ੍ਰਤੀਤ ਹੁੰਦਾ ਹੈ, ਪਰੰਤੂ ਅਸਲ ਵਿਚ ਇਹ ਕਦੇ ਭੀ ਕਿਸੇ ਕਾਰਜ ਦੇ ਸਿੱਧ ਕਰਨੇ ਲਈ ਤਿਆਰ ਨਹੀਂ ਹੋਇਆ, ਇਸ ਵਾਸਤੇ ਅਸੀਂ ਇਸ ਪਰ ਇਤਨਾ ਆਖਦੇ ਹਾਂ ਕਿ ਸੱਚਾ ਇਤਫਾਕ ਓਹ ਹੈ ਜੋ ਇਕ ਅਸੂਲ ਪਰ ਕਾਇਮ ਕੀਤਾ ਜਾਏ ਅਰ ਜਿਸ ਪਰ ਕੌਮ ਦੇ ਸੱਚੇ ਹਿਤੈਸ਼ੀ ਅਪਨੇ ਆਪ ਨੂੰ ਕੁਰਬਾਨ ਕਰ ਦੇਨ ਲਈ ਤਿਆਰ ਹੋਨ।।ਪਹਿਲੀ ਤਰ੍ਹਾਂ ਦਾ ਇਤਫਾਕ ਜਦ ਮਸੀਹ ਨੇ ਕੀਤਾ ਸਾ ਤਦ ਉਸ ਦੇ ਬਾਰਵੇਂ ਚੇਲੇ ਨੇ, ਜੋ ਉਸ ਦੇ ਅਸੂਲ ਪਰ ਇਤਫਾਕ ਵਾਲਾ ਨਹੀਂ ਸੀ, ਮਸੀਹ ਨੂੰ ਬਾਦਸ਼ਾਹ ਕੋਲ ਪਕੜਾ ਕੇ ਉਸ ਦੀ ਸੂਲੀ ਦਾ ਕਾਰਨ ਹੋਇਆ, ਪਰੰਤੂ ਜੋ ਯਾਰਾਂ ਚੇਲੇ ਉਸ ਦੇ ਅਸੂਲ ਪਰ ਇਕ ਜਾਨ ਸੇ ਉਨ੍ਹਾਂ ਦੇ ਹੱਥੋਂ ਹੀ ਮਸੀਹ ਦੀ ਜ਼ਿੰਦਗੀ ਦਾ ਪੁਰਖਾਰਥ ਸਫਲਾ ਹੋਇਆ।।ਇਸੇ ਪ੍ਰਕਾਰ ਦਸਮੇਂ ਪਾਤਸ਼ਾਹ ਜੀ ਦੇ ਸਮ ਵਿਚ ਭੀ ਸ਼ਬਦ ਬਾਣੀ ਸੁਨਨੇ ਵਾਲੇ ਅਰ ਨਿਰੇ ਕੜਾਹ ਪ੍ਰਸ਼ਾਦਿ ਛਕ ਕੇ ਅਰਦਾਸੇ ਸੋਧਨੇ ਵਾਲੇ ਪੁਰਖਾਂ ਦੇ ਇਤਫਾਕ ਨੇ ਉਹ ਨਫਾਕ ਪੈਦਾ ਕੀਤਾ ਜੋ ਸ ਬਨੇ ਪਰ ਸਭ ਬੇਦਾਵਾ ਲਿਖ ਕੇ ਨੱਸ ਗਏ ਸੇ, ਕਿੰਤੂ ਜਿਨ੍ਹਾਂ ਸਿਦਕੀਆਂ ਦਾ ਇਤਫਾਕ ਧਰਮ ਪ੍ਰਚਾਰ ਦੇ ਅਸੂਲ ਪਰ ਇਕ ਸਾ ਉਨ੍ਹਾਂ ਨੇ ਹੀ ਅਪਨੀਆਂ ਜਾਨਾਂ ਇਕ ਤਿਨਕੇ ਤੇ ਭੀ ਤੁਛ ਜਾਨ ਕੇ ਗੁਰੂ ਦੇ ਨਾਮ ਪਰ ਕੁਰਬਾਨ ਕੀਤੀਆਂ ਸਨ, ਜੈਸਾ ਕਿ ਭਾਈ ਸੰਗਤ ਸਿੰਘ ਜੀ ਜੈਸੇ ਸੂਰਬੀਰ ਧਰਮਾਤਮਾ ਨੇ ਚਮਕੌਰ ਦੇ ਭਿਆਨਕ ਸਮ੍ਰ ਪਰ ਗੁਰੂ ਜੀ ਦੀ ਜਗ੍ਹਾ ਅਪਨੀ ਛਾਤੀ ਪਰ ਤੀਰ ਖਾਧੇ ਅਰ ਗੁਰੂ ਜੀ ਨੂੰ ਤੱਤੀ ਵਾਯੂ ਨਾ ਲੱਗਨ ਦਿੱਤੀ, ਇਸ ਤੇ ਇਹੋ ਸਿੱਧ ਹੋਇਆ ਕਿ ਸੱਚਾ ਇਤਫਾਕ ਓਹੋ ਹੈ ਜੋ ਧਰਮ ਦੇ ਅਸੂਲ ਪਰ ਕੀਤਾ ਜਾਏ, ਕਿੰਤੂ ਜਿਸ ਇਤਫਾਕ ਵਿਚ ਅਪਨੇ ਅਸੂਲਾਂ ਦੀ ਪ੍ਰੋਢਤਾ ਨਹੀਂ ਹੈ ਸੋ ਸੱਚਾ ਇਤਫਾਕ ਨਹੀਂ ਹੈਸੱਚੇ ਇਤਫਾਕ ਦੇ ਵਾਸਤੇ ਹੀ ਮਸੀਹ ਨੇ ਆਖਜਾ ਸਾ ਕਿ ਮੈਂ ਸੁਲਾ ਕਰਾਉਨ ਨਹੀਂ ਆਇਆ, ਕਿੰਤੂ ਬਾਪ ਸੇ ਬੇਟੇ ਅਰ ਬੇਟੇ ਤੇ ਬਾਪ ਨੂੰ ਜੁਦਾ-ਜੁਦਾ ਕਰਨੇ ਆਇਆ ਹਾਂ। ਇਸੇ ਇਤਫਾਕ ਦੇ ਵਾਸਤੇ ਮਹੰਮਦ ਸਾਹਿਬ ਨੇ ਤਲਵਾਰ ਪਕੜ ਕੇ ਅਰਬ ਦੇ ਬਸਨੇ ਵਾਲ੍ਹਾਂ ਪਰ ਚਲਾਈ, ਜਿਸ ਨਾਲ ਅਪਨੇ ਅਸੂਲਾਂ ਥੋਂ ਉਲਟ ਲੋਗਾਂ ਨੂੰ ਨਫਾਕ ਦੇ ਬੀਜ ਜਾਨ ਕੇ ਨਿਰਬੀਜ ਕੀਤਾ। ਇਸੇ ਪਰਕਾਰ ਦਸਮੇਂ ਪਾਤਸ਼ਾਹ ਜੀ ਨੇ ਅਪਨੀ ਚਮਕੀਲੀ ਤੇਗ ਦੇ ਨਾਲ ਝੂਠੇ ਇਤਫਾਕ ਵਾਕਾਂ ਨੂੰ ਨਸਾ ਕੇ ਪੰਜ ਸੱਚੇ ਇਤਫਾਕ ਵਾਲੇ ਚੁਨ ਲੀਤੇ, ਜਿਸ ਤੇ ਇਨ੍ਹਾਂ ਮਹਾਤਮਾਂ ਦੇ ਸੱਚੇ ਪੁਰਖਾਰਥ ਅਤੇ ਪਰੀਛਾ ਦੇ ਨਮੂਨੇ ਇਹ ਪੰਥ ਬਿਰਾਜਮਾਨ ਹੈ।।ਅਸੀਂ ਇਕ ਕਾਰੀਗਰ ਮਿਸਤ੍ਰੀ ਅਰ ਦਰਜ਼ੀ ਦੇ ਕੰਮ ਥੋਂ ਭੀ ਇਤਫਾਕ ਦਾ ਵੱਡਾ ਭਾਰੀ ਅਸੂਲ ਸਿੱਖ ਸਕਦੇ ਹਾਂ, ਕਿਉਂਕਿ ਉਹ ਇਕ ਮੇਜ਼ ਬਨਾਉਨ ਦੇ ਸਮੇਂ ਅਰ ਦਰਜ਼ੀ ਅਪਨੇ ਕੋਟ ਸੀਉਨ ਦੇ ਵੇਲੇ ਇਹ ਖਜਾਲ ਨਹੀਂ ਕਰਦਾ ਕਿ ਅਸੀਂ ਲੱਕੜੀ ਦੇ ਸੇਕ ਅਰ ਕਪੜੇ ਦੀ ਟਾਕੀਆਂ ਨੂੰ ਵੱਢ ਕੱਟ ਕੇ ਕਜੋਂ ਨਫਾਕ ਪਾਉਂਦੇ ਹਾਂ, ਕਿੰਤੂ ਸਭ ਦੇ ਮਿਲਾਪ ਨਾਲ ਹੀ ਮੇਜ਼ ਅਰ ਕੋਟ ਕਜੋਂ ਨਹੀਂ ਬਨਾ ਲੈਂਦੇ, ਪਰੰਤੂ ਉਹ ਜਾਨਦੇ ਹਨ ਕਿ ਇਹ ਸੱਕ ਅਰ ਲੀਰਾਂ ਜਿਤਨਾ ਚਿਰ ਰੰਦੇ ਅਤੇ ਕੈਂਚੀ ਨਾਲ ਦੂਰ ਨਹੀਂ ਕੀਤੀਆਂ ਜਾਨਗੀਆਂ ਅਰ ਇਨ੍ਹਾਂ ਦਾ ਨਫਾਕ ਨਹੀਂ ਕੀਤਾ ਜਾਏਗਾ ਉਤਨਾ ਚਿਰ ਮੇਜ਼ ਯਾ ਕੋਟ ਦੀ ਸੱਚੀਆਂ ਫੱਟੀਆਂ ਅਤੇ ਕਾਤ੍ਰਾਂ ਦਾ ਆਪਸ ਵਿਚ ਇਤਫਾਕ ਨਹੀਂ ਹੋਵੇਗਾ।।ਇਸੇ ਤਰ੍ਹਾਂ ਹੇ ਇਤਫਾਕ ਦੇ ਪਜਾਰੇ ਸੱਜਨੋਂ! ਜੇ ਤੁਸੀਂ ਸੱਚਾ ਇਤਫਾਕ ਚਾਹੁੰਦੇ ਹੋ ਤਦ ਪਹਿਲੇ ਨਫਾਕ ਨੂੰ ਕੰਮ ਵਿਚ ਲਿਆਓ, ਜਿਸ ਤੇ ਉਹ ਝੂਠੇ ਇਤਫਾਕ ਦੇ ਫੁੱਲ ਮਿਟ ਕੇ ਸੱਚੇ ਮਿਲਾਪ ਵਾਲੇ ਫਲਦਾਰ ਫੁੱਲਾਂ ਨੂੰ ਲੈ ਕੇ ਅਪਨਾ ਪ੍ਰਭਾਵ ਦਿਖਾਉਨ, ਇਸ ਵਾਸਤੇ ਨਿਰਾ ਮਿਲ ਕੇ ਬੈਠਨਾ ਹੀ ਇਤਫਾਕ ਨਹੀਂ, ਕਿੰਤੂ ਇਤਫਾਕ ਉਹ ਵਸਤੂ ਹੈ ਜੋ ਵਿਰੋਧੀ ਰੁਕਾਵਟਾਂ ਤੇ ਨਫਰਤ ਕਰਕੇ ਫਿਰ ਸਚਾਈ ਵੱਲ ਅਪਨੇ ਆਪ ਨੂੰ ਪ੍ਰੇਰ ਸਕਦੀਆਂ ਹਨ। ਆਸ਼ਾ ਹੈ ਕਿ ਸਾਡੇ ਸੱਜਨ ਇਤਫਾਕ ਦੇ ਅਸਲੀ ਤਾਤਪਰਜ ਨੂੰ ਜਾਨ ਗਏ ਹੋਨਗੇ

**(ਖ਼ਾਲਸਾ ਅਖ਼ਬਾਰ ਲਾਹੌਰ, ੨ ਫਰਵਰੀ ੧੯੦੦, ਪੰਨਾ ੩)**

# ਜੀਵਨ ਦੀ ਤਰੱਕੀ ਦਾ ਰਾਜ਼

ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ ।।
ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ ।।(ਅੰਗ : 1096)

(ਗੁਰੂ ਅਰਜਨ ਦੇਵ ਜੀ ਕਹਿੰਦੇ ਹਨ, " ਐ ਮਨੁੱਖ ਹਮੇਸ਼ਾ ਅਗਹਾਂ ਨੂੰ ਹਰਕਤ ਰੱਖ । ਆਪਣੇ ਮੁਹਡੇ ਨੂੰ ਬਿਲਕੁਲ ਪਿੱਛਾਂ ਨਾ ਮੋੜ । ਜੀਵਨ ਦੇ ਇਸੇ ਮੌਕੇ ਵਿਚ ਸਫਲਤਾ ਪ੍ਰਾਪਤ ਕਰਕੇ ਸਰਖ਼ਰੂ ਹੋ ਜਾ । ਤਾਂ ਜੋ ਦੂਜੀ ਵਾਰ ਤੈਨੂੰ ਮਾਇਕ ਸਰੀਰ ਦੀ ਕੈਦ ਵਿਚ ਨਾ ਫਸਣਾ ਪਵੇ ।" )ਮਨੁੱਖ ਦੀ ਜ਼ਿੰਦਗੀ ਦੀ ਸਫਲਤਾ ਦਾ ਇਹ ਭੇਦ ਹੈ ਕਿ ਉਹ ਹਮੇਸ਼ਾ ਅਗਹਾਂ ਵੱਲ ਹਰਕਤ ਕਰਦਾ ਰਹੇ । ਗਿਆਨ, ਪ੍ਰੇਮ, ਸ਼ਕਤੀ, ਸੁੰਦਰਤਾ, ਪਵਿੱਤ੍ਰਤਾ, ਸੰਜਮ, ਵੀਰਤਾ, ਭਗਤੀ, ਜੁਗਤੀ, ਆਜ਼ਾਦੀ, ਇਨਸਾਫ, ਕਲਾ ਤੇ ਆਨੰਦ ਵਿਚ ਹੋਰ ਹੀ ਹੋਰ ਤਰੱਕੀ ਕਰਦਾ ਰਹੇ । ਉਸ ਦਾ ਹਰ ਅਗਲਾ ਪੈਰ ਉਸ ਦੇ ਪਿਛਲੇ ਪੈਰ ਤੋਂ ਚੰਗੀ ਤੇ ਸੁਤੰਤਰ ਚਾਲ ਚੱਲੇ । ਉਸ ਦਾ ਹਰ ਅਗਲਾ ਦਿਹਾੜਾ ਉਸ ਦੇ ਪਿਛਲੇ ਦਿਹਾੜੇ ਤੋਂ ਜ਼ਿਆਦਾ ਸੁੰਦਰ, ਅਮੀਰ, ਅਰੋਗ ਤੇ ਪ੍ਰਸੰਨ ਹੋਵੇ, ਉਸ ਦੀ ਜ਼ਿੰਦਗੀ ਦੀਆਂ ਕੀਮਤਾਂ ਆਤਮਕਤਾ ਤੇ ਅਧਿਆਤਮਕਤਾ ਵਿਚ ਹੋਰ ਹੀ ਹੋਰ ਉੱਨਤ ਹੁੰਦੀਆਂ ਜਾਣ। ਉਹ ਨਿਤਾਪਰਤੀ ਜੀਵਨ ਦਾ ਨਵੇਂ ਤੋਂ ਨਵਾਂ ਅਨੁਭਵ ਹਾਸਲ ਕਰਦਾ ਜਾਏ । ਉਸ ਨੂੰ ਹਰ ਘੜੀ ਈਸ਼ਵਰ ਦਰਸ਼ਨ ਦੇ ਨਵੇਂ ਤੋਂ ਨਵੇਂ ਦ੍ਰਿਸ਼ ਨਜ਼ਰ ਆਂਦੇ ਜਾਣ ਅਤੇ ਉਸ ਦਾ ਦਰਿਸ਼ਟੀਕੋਣ ਨਵੇਂ ਤੋਂ ਨਵਾਂ ਉਜਿਆਰਾ ਪ੍ਰਾਪਤ ਕਰਕੇ ਹੋਰ ਹੀ ਹੋਰ ਪਰਜੁਵੱਲਤ ਹੁੰਦਾ ਜਾਏ ।ਜ਼ਿੰਦਗੀ ਕਦੇ ਸ਼ਾਂਤ ਨਹੀਂ ਰਹਿ ਸਕਦੀ । ਜਦ ਉਹ ਅਗਹਾਂ ਨੂੰ ਹਰਕਤ ਨਹੀਂ ਕਰਦੀ ਤਾਂ ਪਿੱਛਾ ਹਟਣਾਂ ਸ਼ੁਰੂ ਹੁੰਦੀ ਹੈ ਅਤੇ ਜ਼ਿੰਦਗੀ ਦਾਪਿੱਛਾਂ ਹਟਣ ਦਾ ਅਮਲ ਜੀਵਨ ਦੇ ਸਹਿਜ-ਸੁਭਾ ਦੀ ਵਿਰੋਧਤਾ ਹੈ ਅਤੇ ਇਸ ਲਈ ਇਹ ਮਨੁੱਖ ਦੀ ਕੀਮਤ ਘਟਾਂਦਾ ਤੇ ਉਸ ਨੂੰ ਬੇਇੱਜ਼ਤ ਕਰਦਾ ਹੈ ।ਆਲਸ, ਲਾਪਰਵਾਹੀ, ਹਾਰ, ਭਾਜ, ਅਫਸੋਸ, ਪਛਤਾਵਾ, ਬੀਮਾਰੀ ਕੰਗਾਲੀ ਅਤੇ ਅਸਫਲਤਾ ਆਦਿ ਅਵਗੁਣ ਜ਼ਿੰਦਗੀ ਦੇ ਪਿੱਛਾਂ ਵੱਲ ਮੁੜਨ ਦੇ ਰੂਪ ਹਨ ਅਤੇ ਇਸ ਲਈ ਇਹ ਹੇਠੀ ਦੇ ਕੰਮ ਹਨ। ਭਾਵੇਂ ਇਹ ਰੂਪ ਵੀ ਜ਼ਿੰਦਗੀ ਦੀ ਅਗਹਾਂ ਵੱਲ ਜਾਣ ਵਾਲੀ ਹਰਕਤ ਦਾ ਲੋੜੀਂਦਾ ਮਸਾਲਾ ਬਣ ਸਕਦੇ ਹਨ। ਪਰ ਇਨ੍ਹਾਂ ਦੀ ਸਹੀ ਵਰਤੋਂ ਉਹੀ ਮਨੁੱਖ ਕਰ ਸਕਦਾ ਹੈ ਜਿਹੜੇ ਆਪਣੇ ਜੀਵਨ ਨੂੰ ਅਗਹਾਂ ਵੱਲ ਪਰੇਰਤ ਕਰਨ ਲਈ ਜ਼ਿੰਦਾ ਤੜਪ, ਉਤਸ਼ਾਹ, ਲਗਨ, ਧੁਨ ਤੇ ਇਸ਼ਕ ਰੱਖਦਾ ਹੈ, ਨਹੀਂ ਤਾਂ ਬੇ-ਤੜਪ ਮਨੁੱਖਾਂ ਲਈ ਤਾਂ ਇਹ ਕੰਮ ਹੋਰ ਹੀ ਹੋਰ ਅਸਫਲਤਾ, ਬੇਰਸੀ ਤੇ ਨਾ-ਖੁਸ਼ੀ ਦਾ ਕਾਰਨ ਬਣਦੇ ਹਨ ।ਜ਼ਿੰਦਗੀ ਦੀ ਸਫਲਤਾ ਦਾ ਭੇਦ ਜ਼ਿੰਦਗੀ ਦੇ ਵਕਤ ਦਾ ਠੀਕ ਇਸਤਿਮਾਲ ਕਰਨਾ ਹੈ ਤੇ ਵਕਤ ਦਾ ਠੀਕ ਇਸਤਿਮਾਲ ਤਦ ਹੋ ਸਕਦਾ ਹੈ ਜਦ ਕਿ ਅਗਹਾਂ ਵੱਲ ਹਰਕਤ ਜਾਰੀ ਰੱਖੀ



ਜਾਏ । ਵਰਤਮਾਨ ਤੋਂ ਲਾਭ ਉਠਾ ਕੇ ਭਵਿੱਖ ਨੂੰ ਸੰਵਾਰਿਆ ਜਾਏ । ਜੀਵਨ ਦੀ ਸ਼ਕਤੀ ਨੂੰ ਮੁਸੱਬਤ ਸਿਫ਼ਤਾਂ ਦੀ ਉਸਾਰੀ ਵਿਚ ਲਗਾਇਆ ਜਾਏ । ਨਹੀਂ ਤਾ ਪਿਛਲੇ ਸਮੇਂ ਦੀਆਂ ਅੱਛਾਈਆਂ ਨੂੰ ਯਾਦ ਕਰਕੇ ਆਪਣੇ ਸਮੇਂ ਨੂੰ ਖੋਣਾ; ਪਿਛਲੀਆਂ ਯਾਦਾਂ ਵਿਚ ਜੁੱਟਿਆ ਰਹਿਣਾ; ਮਨਫ਼ੀ ਗੁਣਾਂ ਦਾ ਅਭਿਆਸ ਕਰਨਾ; ਵਾਦਾਂ-ਵਿਵਾਦਾਂ ਤੇ ਫਜ਼ੂਲ ਝਗੜਿਆਂ, ਝੰਝਟਾਂ ਤੇ ਗੱਪਾਂ-ਸ਼ੱਪਾਂ ਵਿਚ ਸਮਾਂ ਖ਼ਰਾਬ ਕਰਨਾ ਆਦਿ ਕੰਮ ਤਾਂ ਆਪਣੇ ਜੀਵਨ ਦਾ ਮੋਢਾ ਪਿੱਛਾਂ ਮੋੜਨ ਦੇ ਤੁਲ ਕੰਮ ਹਨ ਅਤੇ ਇਸ ਲਈ ਇਹ ਜ਼ਿੰਦਗੀ ਨੂੰ ਕਦੀ ਸੁਖੀ, ਰਸਦਾਇਕ, ਸਫਲ ਤੇ ਉੱਨਤ ਨਹੀਂ ਬਣਾ ਸਕਦੇ ।ਮਨੁੱਖ ਨੂੰ ਮਾਨਵ ਜ਼ਿੰਦਗੀ ਦੀ ਦੌਲਤ ਬੜੇ ਚੰਗੇ ਭਾਗਾਂ ਨਾਲ ਪ੍ਰਾਪਤ ਹੋਈ ਹੈ । ਕਿਉਂ ਜੋ ਇਹ ਉੱਚੀ ਤੋਂ ਉੱਚੀ ਜੂਨ ਹੈ । ਸੁਨਹਿਰੀ ਤੋਂ ਸੁਨਹਿਰੀ ਮੌਕਾ ਹੈ । ਪਰ ਇਸ ਮੌਕੇ ਨੂੰ ਠੀਕ ਵਰਤੋਂ ਨਾਲ ਹੀ ਸਫਲ ਬਣਾਇਆ ਜਾ ਸਕਦਾ ਹੈ ਅਤੇ ਨੇਕ ਨੀਅਤੀ ਤੇ ਧਰਮ ਦੀ ਮੰਗ ਵੀ ਇਹੀ ਹੈ ਕਿ ਇਸ ਨੂੰ ਸਫਲ ਬਣਾਇਆ ਜਾਏ । ਪਰੰਤੂ ਸਫਲਤਾ ਦੀ ਪ੍ਰਾਪਤੀ ਲਈ ਨਾ ਕੇਵਲ ਜ਼ਬਰਦਸਤ ਤਿਆਰੀ ਦੀ ਲੋੜ ਹੈ, ਸਗੋਂ ਸੁਚੇਤ ਰਹਿਣ ਦੀ ਵੀ। ਇਸ ਲਈ ਜਿਹੜੇ ਮਨੁੱਖ ਜੀਵਨ ਦੇ ਚਾਹਵਾਨ ਹਨ; ਉਨ੍ਹਾਂ ਨੂੰ ਇਹ ਵਿਸ਼ਵਾਸ ਦ੍ਰਿੜ੍ਹ ਤੌਰ ਤੇ ਆਪਣੇ ਹਿਰਦੇ ਵਿਚ ਸੰਚਾਰ ਕਰ ਲੈਣਾ ਚਾਹੀਦਾ ਹੈ ਕਿ ਉਹ ਜ਼ਿੰਦਗੀ ਦੇ ਇਮਤਿਹਾਨ ਵਿਚ ਜ਼ਰੂਰ ਸਫਲ ਹੋਣਗੇ ਅਤੇ ਪੂਰੀ ਸੁਰਖ਼ਰੂਈ ਤੇ ਨੇਕਨਾਮੀ ਨਾਲ ਸਫਲ ਹੋਣਗੇ ।ਮਨੁੱਖ ਨੇ ਓੜਕ ਜੀਵਨ ਦੀ ਸੰਪੂਰਨਤਾ ਰਾਹੀਂ ਪ੍ਰਮਾਤਮਾ ਨਾਲ ਇਕ ਮਿਕ ਹੋਣਾ ਹੈ ਅਤੇ ਵਾਕਈ ਆਪਣੀ ਮਾਨਵਤਾ ਦਾ ਆਨੰਦ ਮਾਨਣਾ ਹੈ । ਇਹ ਮਨੁੱਖ ਦਾ ਅਟੱਲ ਅਧਿਕਾਰ ਹੈ ਤੇ ਅਧਿਕਾਰ ਉਸ ਨੂੰ ਕਿਸੇ ਨਾ ਕਿਸੇ ਵਕਤ ਜ਼ਰੂਰ ਪ੍ਰਾਪਤ ਹੋਵੇਗਾ । ਪਰੰਤੂ ਮਨੁੱਖ ਦੀ ਵਾਕਈ ਹਿੰਮਤ ਤੇ ਸੁਰਖ਼ਰੂਈ ਦੀ ਮੰਗ ਇਹ ਹੈ ਕਿ ਉਹ ਇਸ ਅਧਿਕਾਰ ਨੂੰ ਆਪਣੀ ਜ਼ਿੰਦਗੀ ਦੇ ਵਾਕਈ ਅਵਸਰ ਵਿਚ ਪ੍ਰਾਪਤ ਕਰਨ ਦਾ ਜਤਨ ਕਰੇ, ਨਹੀਂ ਤਾਂ ਕੁਦਰਤ ਮਾਤਾ ਉਸਨੂੰ ਵਾਰ-ਵਾਰ ਜੂਨਾਂ ਦੇ ਗੇੜੇ ਵਿਚ ਫਸਾ ਕੇ ਉਸਨੂੰ ਇਸ ਸਫਲਤਾ ਦੀ ਪ੍ਰਾਪਤੀ ਦੇ ਤਜਰਬੇ ਕਰਨ ਲਈ ਮਜਬੂਰ ਕਰੇਗੀ ਤੇ ਇਸ ਤਰ੍ਹਾਂ ਨਾ ਕੇਵਲ ਉਸਨੂੰ ਕਠਨ ਕਸ਼ਟ ਸਹਿਣੇ ਪੈਣਗੇ । ਸਗੋਂ ਉਸ ਦੀ ਤਰੱਕੀ ਦੀ ਚਾਲ ਵੀ ਮੱਧਮ ਪੈ ਜਾਵੇਗੀ ।ਇਸ ਲਈ ਜ਼ਿੰਦਗੀ ਦੀ ਤਰੱਕੀ ਦੇ ਚਾਹਵਾਨਾਂ ਦਾ ਇਹ ਕਰਤਵ ਹੈ ਕਿ ਨਾ ਕੇਵਲ ਉਹ ਅਗਹਾਂ ਨੂੰ ਹਰਕਤ ਕਰਦੇ ਰਹਿਣ, ਸਗੋਂ ਜ਼ਿੰਦਗੀ ਦੇ ਅਵਸਰ ਦਾ ਪੂਰਾ-ਪੂਰਾ ਲਾਭ ਵੀ ਉਠਾਣ ਤੇ ਪੂਰਨ ਤਿਆਰੀ ਦੁਆਰਾ ਉਸਨੂੰ ਪਰਵਾਨ ਵੀ ਚੜ੍ਹਾਨ ।ਨਿਰਸੰਦੇਹ ਆਤਮਕਤਾ ਤੇ ਅਧਿਆਤਮਕਤਾ ਵਿਚ ਹੋਰ ਹੀ ਹੋਰ ਉੱਨਤ ਤੇ ਪਰਫੁੱਲਤ ਹੋਣਾ ਧਰਮ ਜੀਵਨ ਦੀ ਪ੍ਰਾਪਤੀ ਦੀ ਜ਼ਰੂਰੀ ਸ਼ਰਤ ਹੈ।ਯੋਗ ਦੇ ਤਾਂ ਸਗੋਂ ਅਰਥ ਹੀ ਇਹੀ ਹਨ ਕਿ ਦਿਲ, ਦਿਮਾਗ ਤੇ ਇੱਛਾ ਰਾਹੀਂ ਜੀਵਨ ਜੋਤ ਨਾਲ ਹੋਰ ਹੀ ਹੋਰ ਨੇੜਤਾ ਤੇ ਸਾਂਝ ਦਾ ਸੰਬੰਧ ਕਾਇਮ ਕੀਤਾ ਜਾਏ ।

ਹੁਕਮ ਤੇ ਰਜ਼ਾ ਦੇ ਪਾਲਣ ਦਾ ਵੀ ਤਾਂ ਇਹੀ ਭਾਵ ਹੈ ਕਿ ਆਤਮ-ਗਿਆਨ ਤੇ ਬ੍ਰਹਮ-ਗਿਆਨ ਵਿਚ ਹੋਰ ਹੀ ਹੋਰ ਅਗਹਾਂ ਵਧਿਆ ਜਾਏ । ਪਰ ਇਸ ਮੰਤਵ ਦੀ ਪ੍ਰਾਪਤੀ ਲਈ ਜ਼ਰੂਰੀ ਹੈ ਤਾਂ ਇਹ ਕਿ ਜ਼ਿੰਦਗੀ ਦੇ ਅਵਸਰ ਨੂੰ ਅਨਮੋਲ ਤੋਂ ਅਨਮੋਲ ਖ਼ਿਆਲ ਕਰਦੇ ਹੋਏ ਸੰਪੂਰਨ ਆਚਰਣ ਉਸਾਰੀ ਦੀ ਸਫਲਤਾ ਦੁਆਰਾ ਉਸ ਨੂੰ ਵਿਗਾਸ-ਮਈ ਤੇ ਪਰਕਾਸ਼ਮਾਨ ਕੀਤਾ ਜਾਏ ਤਾਂ ਜੋ ਅਸਫਲ ਹੋ ਕੇ ਆਵਾਗਵਨ ਦੀਆਂ ਚੋਟਾਂ ਨਾ ਖਾਣੀਆਂ ਪੈ ਜਾਣ ।

# ਨਾਮ ਦਾ ਸੰਕਲਪ

ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ।।
ਵਿਸਰਿਆ ਜਿਨ੍ਹ ਨਾਮੁ ਤੇ ਭੁਇ ਭਾਰੁ ਥੀਏ।।(ਅੰਗ -488)

ਨਾਮ, ਵਿਸ਼ਾਲ ਤੇ ਸਰਬ-ਵਿਆਪੀ ਅਕਾਲਪੁਰਖ ਦੇ ਸਰਲ ਹਸਤਾਖਰ ਹਨ।ਗੁਰਬਾਣੀ ਨਾਮ ਦੀ ਮਹਿਮਾ ਦਾ ਅਮੁਲ ਭੰਡਾਰ ਹੈ, ਨਿਖੁਟ ਖ਼ਜ਼ਾਨਾ ਹੈ। 'ਨਾਨਕ ਕੈ ਘਰਿ ਕੇਵਲ ਨਾਮੁ' ਦੀ ਇਹ ਸੰਖੇਪ ਪੰਗਤੀ ਇਸ ਗੱਲ ਨੂੰ ਸਪੱਸ਼ਟ ਕਰਦੀ ਹੈ ਕਿ ਗੁਰਸਿੱਖੀ ਵਿਚ ਨਾਮ ਦੀ ਅਤਿਅੰਤ ਮਹੱਤਤਾ ਹੈ। ਇਸੇ ਲਈ ਇਸ ਜੀਵਨ ਜਾਚ ਨੂੰ ਨਾਮ ਮਾਰਗ ਕਹਿ ਕੇ ਵਖਰਿਆਇਆ ਜਾਂਦਾ ਹੈ। ਗੁਰਬਾਣੀ ਦੇ 1430 ਵਿਸ਼ਾਲ ਅੰਗਾਂ (ਪੰਨਿਆਂ) ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਸ ਨਾਮ ਦੀ ਹੀ ਕੀਰਤੀ ਗਾਈ ਗਈ ਹੈ। ਨਾਮ ਸਮੁੱਚੇ ਸੰਸਾਰ ਦਾ ਆਧਾਰ ਹੈ। ਇਸੇ ਦੇ ਆਸਰੇ ਤੇ ਹੀ ਖੰਡ, ਬ੍ਰਹਮੰਡ, ਧਰਤੀ, ਅਕਾਸ਼ ਟਿਕੇ ਹੋਏ ਹਨ।ਨਾਮ ਕੇ ਧਾਰੇ ਸਗਲੇ ਜੰਤ।।
ਨਾਮ ਕੇ ਧਾਰੇ ਖੰਡ ਬ੍ਰਹਮੰਡ ।।(ਅੰਗ 284)

ਨਾਮ ਦੇ ਨਿਯਮ ਨੇ ਸਭ ਨੂੰ ਆਪਣੇ ਆਪਣੇ ਕਾਰੇ ਲਾਇਆ ਹੋਇਆ ਹੈ ਤੇ ਕੋਈ ਵੀ ਇਸ ਵਿਰਾਟ ਪਸਾਰੇ ਵਿਚ ਖਲਲ ਪਾਉਣ ਦੀ ਤੌਫੀਕ ਨਹੀਂ ਰੱਖਦਾ। ਹਰ ਪਾਸੇ ਨਾਮ ਦਾ ਹੀ ਰਾਜ ਹੈ, ਉਸੇ ਦੀ ਹੀ ਮਰਿਆਦਾ ਹੈ, ਉਸੇ ਦੀ ਹੀ ਜੈ ਜੈ ਕਾਰ ਹੈ, ਉਸੇ ਦਾ ਹੀ ਬੋਲਬਾਲਾ ਹੈ, ਉਸ ਤੋਂ ਬਾਹਰ ਕੁਝ ਵੀ ਨਹੀਂ ਤੇ ਉਸ ਤੋਂ ਖਾਲੀ ਕੋਈ ਥਾਂ ਨਹੀਂ।ਜੇਤਾ ਕੀਤਾ ਤੇਤਾ ਨਾਉ।। ਵਿਣੁ ਨਾਵੈ ਨਾਹੀ ਕੋ ਥਾਉ।।(ਅੰਗ-4)ਨਾਮ ਦੀ ਸ਼ਕਤੀ ਅਪਰੰਅਪਾਰ ਹੈ ਤੇ ਇਹ ਮੂਲ ਮੰਤਰ ਵਿਚ ਦੱਸੇ ਵਾਹਿਗੁਰੂ ਦੇ ਸਰੂਪ ਦਾ ਸੰਖੇਪ ਰੂਪ ਹੈ। ਇਸ ਰੂਪ ਨਾਲ ਅਭੇਦ ਹੋਣਾ ਮਨੁੱਖੀ ਜੀਵਨ ਦਾ ਲਕਸ਼ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸੁਭਾਇਮਾਨ 36 ਮਹਾਂਪੁਰਸ਼ਾਂ ਨੇ ਇਸ ਨਾਮ ਦੀ ਸ਼ੋਭਾ ਭਿੰਨ ਭਿੰਨ ਢੰਗਾਂ ਵਿਚ ਕਰਕੇ ਮਨੁੱਖ ਮਾਤਰ ਨੂੰ ਸਮਝਾਇਆ ਹੈ ਕਿ ਉਹ ਨਾਮ ਰੂਪੀ ਅਕਾਲਪੁਰਖ ਨਾਲ ਜੁੜਨ ਲਈ ਹਰ ਉਪਰਾਲਾ ਜੁਟਾਵੇ ਕਿਉਂਕਿ ਇਸ ਮਨੋਰਥ ਦੀ ਸਿਧੀ ਲਈ ਮਾਨਸ ਦੇਹੀ ਉਸ ਨੂੰ ਬੇਹਤਰੀਨ ਅਵਸਰ ਪ੍ਰਦਾਨ ਕਰਦੀ ਹੈ। ਵਾਹਿਗੁਰੂ ਦੇ ਬੇਅੰਤ ਗੁਣਾਂਤਮਕ ਨਾਵਾਂ ਦਾ ਗੁਰਬਾਣੀ ਵਿਚ ਬੜਾ ਸੁਹਣਾ ਚਿਤਰਣ ਮੌਜੂਦ ਹੈ। ਉਹ ਪ੍ਰਿਤਪਾਲਕ ਹੈ, ਪਰਉਪਕਾਰੀ ਹੈ, ਸਚ ਦਾ ਸਰੂਪ ਹੈ, ਬਿਰਦ ਦੀ ਪੈਜ ਰੱਖਦਾ ਹੈ ਤੇ ਸਭ ਕੁਝ ਕਰਨ ਦੇ ਸਮਰੱਥ ਹੈ। ਉਸ ਦਾ ਕੀਤਾ ਮੋੜਨ ਵਾਲਾ ਕੋਈ ਨਹੀਂ ਕਿਉਂਕਿ ਉਸ ਦੇ ਤੁਲ ਦੂਜਾ ਕੋਈ ਹੈ ਹੀ ਨਹੀਂ। ਉਹ ਕਿਸੇ ਤੋਂ ਡਰਦਾ ਨਹੀਂ ਤੇ ਵਿਨਾਸ਼ ਵੀ ਨਹੀਂ ਹੁੰਦਾ। ਉਸ ਦੇ ਕਿਹੜੇ ਕਿਹੜੇ ਗੁਣਾਂ ਦਾ ਵਿਖਿਆਨ ਕੀਤਾ ਜਾਵੇ। ਗੁਰੂ ਨਾਨਕ ਸਾਹਿਬ ਉਸ ਦੀ ਹਸਤੀ ਦੀ ਵਡਿਤਣ ਬਾਰੇ ਜਪੁਜੀ ਸਾਹਿਬ ਵਿਚ ਫਰਮਾਉਂਦੇ ਹਨ ਕਿ ਜੇਕਰ ਇਕ ਜੀਭ ਦੀਆਂ ਅਸੰਖ ਜੀਭਾਂ ਵੀ ਹੋ ਜਾਣ ਤੇ ਉਸ ਦਾ ਨਾਮ ਲੈਣ ਲੱਗ ਜਾਣ ਤਾਂ ਵੀ ਉਸ ਦੇ ਨਾਵਾਂ ਤੇ ਗੁਣਾਂ ਦਾ ਵਰਨਣ ਨਹੀਂ ਹੋ ਸਕਦਾ। ਗੁਰੂ ਅਰਜਨ ਦੇਵ ਜੀ ਨਾਮ ਨੂੰ ਅੰਮ੍ਰਿਤ ਦਾ ਦਰਜਾ ਦਿੰਦੇ ਫਰਮਾਉਂਦੇ ਹਨ ਕਿ ਜਿਸ ਨੇ ਅਕਾਲਪੁਰਖ ਦੀਆਂ ਬਹੁਪ੍ਰਕਾਰੀ ਖੁਸ਼ੀਆਂ ਪ੍ਰਾਪਤ ਕਰਨੀਆਂ ਹਨ ਉਸ ਨੂੰ ਨਾਮ ਜਪਣਾ ਤੇ ਭੁੰਚਣਾ ਚਾਹੀਦਾ ਹੈ।ਅੰਮ੍ਰਿਤੁ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ।। ਜਿਸੁ ਸਿਮਰਤ ਸੁਖੁ ਪਾਈਐ ਸਭ ਤਿਖਾ ਬੁਝਾਈ।।ਅੰਗ-318ਤੀਜੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਪਵਿੱਤਰ ਨਾਮ ਨੂੰ ਇਕ ਅਮੋਲਕ ਰਤਨ ਸਮਝਦੇ ਹਨ ਤੇ ਨਾਲ ਇਹ ਤਾਕੀਦ ਵੀ ਕਰਦੇ ਹਨ ਕਿ ਇਹ ਰਤਨ ਰੂਪੀ ਨਾਮ ਪ੍ਰਾਪਤ ਕਰਨ ਹਿੱਤ ਸੱਚੇ ਗੁਰੂ ਦੀ ਸ਼ਰਨ ਵਿਚ ਆਉਣਾ ਅਤੀ ਅਵੱਸ਼ਕ ਹੈ :ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ।। ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ।।ਅੰਗ-40ਪਾਪਾਂ ਦੀ ਮੈਲ ਨੂੰ ਧੋਣ ਵਾਲੇ ਅਤੇ ਸਹਿਜ ਅਵਸਥਾ ਵਿਚ ਪਹੁੰਚਾਉਣ ਵਾਲੇ ਸਦਾ ਨਵੇਂ ਨਕੋਰ ਇਸ ਨਾਮ ਦੀ ਪ੍ਰਾਪਤੀ ਦਾ ਢੰਗ ਗੁਰਬਾਣੀ ਵਿਚ ਸਤਿਗੁਰ ਦੀ ਸੰਗਤ ਤੇ ਸੇਵਾ ਦੱਸਿਆ ਗਿਆ ਹੈ। ਉਂਜ ਵੀ ਸੇਵਾ ਤੇ ਸਿਮਰਨ ਗੁਰਸਿੱਖੀ ਦੇ ਮੂਲ ਸਿਧਾਂਤ ਹਨ ਜਿਨ੍ਹਾਂ ਨੂੰ ਆਧਾਰ ਮੰਨ ਕੇ ਗੁਰਸਿੱਖੀ ਦਾ ਮਹਿਲ ਉਸਾਰਿਆ ਗਿਆ ਹੈ। ਅਕਾਲਪੁਰਖ ਤਕ ਰਸਾਈ ਪਾਉਣ ਲਈ ਇਹ ਦੋਨੋਂ ਅਤੀ ਮਹੱਤਵਪੂਰਨ ਹਨ। ਗੁਰੂ ਦੇ ਦੱਸੇ ਪੂਰਨਿਆਂ ਤੇ ਚੱਲ ਕੇ ਕੀਤੀ ਨਿਸ਼ਕਾਮ ਸੇਵਾ ਨਾਲ ਹਉਮੈ ਦੀ ਪਾਲ ਟੁਟਦੀ ਹੈ, ਮਨੁੱਖ ਹਲੀਮ ਹੁੰਦਾ ਹੈ, ਉਸ ਦਾ ਦੂਜੇ ਮਨੁੱਖ ਨਾਲ ਪਿਆਰ ਵਿਕਸਤ ਹੁੰਦਾ ਹੈ, ਨਫਰਤ ਤੇ ਪਰਾਏਪੁਣੇ ਦੀ ਦੀਵਾਰ ਢਹਿੰਦੀ ਹੈ, ਆਪਸੀ ਸੰਪਰਕ ਤੇ ਮੇਲ ਜੋਲ ਵਧਦਾ ਹੈ। ਸਰਬੱਤ ਦੇ ਭਲੇ ਦੀ ਭਾਵਨਾ ਹੋਰ ਪਰਬਲ ਹੁੰਦੀ ਹੈ। ਫਿਰ ਸੇਵਾ ਕਰਨ ਵਾਲੇ ਨੂੰ ਕੋਈ ਗ਼ੈਰ ਦਿਸਦਾ ਹੀ ਨਹੀਂ ਸਗੋਂ ਸਭ ਵਿਚ ਇਕੋ ਪ੍ਰਭੂ ਬਿਰਾਜਮਾਨ ਹੋਇਆ ਪ੍ਰਤੀਤ ਹੁੰਦਾ ਹੈ। ਇਹ ਸੇਵਾ ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਉਤੇ ਵੀ ਭਰਵਾਂ ਅਸਰ ਕਰਕੇ ਇਨ੍ਹਾਂ ਦੁਸ਼ਟ ਰੁਚੀਆਂ ਨੂੰ ਲਗਾਮ ਲਗਾਉਂਦੀ ਹੈ, ਜਿਸ ਦੇ ਫਲ ਸਰੂਪ ਮਨੁੱਖ ਦੀ ਆਤਮਾ ਪਵਿੱਤਰ ਹੁੰਦੀ ਹੈ, ਮਨ ਨਿਰਮਲ ਹੁੰਦਾ ਹੈ, ਹਿਰਦਾ ਸ਼ੁਧੀ ਗਰਹਿਣ ਕਰਦਾ ਹੈ ਅਤੇ ਹੱਥ ਸੁੱਚੇ ਹੁੰਦੇ ਹਨ। ਅਜਿਹੀ ਹਾਲਤ ਵਿਚ ਨਾਮ ਸਿਮਰਨ ਦਾ ਮਹੱਤਵ ਹੀ ਕੁਝ ਹੋਰ ਹੋ ਜਾਂਦਾ ਹੈ। ਨਿਸ਼ਕਾਮ ਸੇਵਾ ਉਸ ਨੂੰ ਮਨੁੱਖਤਾ ਨਾਲ ਜੋੜਦੀ ਹੈ ਤੇ ਸਿਮਰਨ ਅਕਾਲਪੁਰਖ ਨਾਲ ਜੋੜਦਾ ਹੈ। ਸਿਮਰਨ ਦੀ ਖੁਰਾਕ ਹਜ਼ਮ ਕਰਨ ਲਈ ਸੇਵਾ ਦੀ ਕਸਰਤ ਕਰਨੀ ਜ਼ਰੂਰੀ ਹੈ ਤਾਂ ਜੋ ਨਾਮ ਪ੍ਰਾਪਤੀ ਦਾ ਰਾਹ ਸੁਖੈਲਾ ਹੋ ਜਾਵੇ ਤੇ ਮਨੁੱਖ ਵਿਚੋਂ ਦੁਈ ਭਾਵ ਮਿਟ ਜਾਵੇ ਤੇ ਉਸ ਦੀ ਹਰ ਪ੍ਰਕਾਰ ਦੀ ਸੋਚ ਤੇਕਰਮ ਕੇਵਲ ਤੇ ਕੇਵਲ ਇਕ ਅਕਾਲਪੁਰਖ ਦੀ ਹਸਤੀ ਨਾਲ ਓਤ ਪੋਤ ਹੋਏ ਰਹਿਣ। ਫਿਰ ਅਜਿਹੇ ਮਨੁੱਖ ਲਈ 'ਉਠਦਿਆਂ ਬਹਿੰਦਿਆਂ ਸੁਤਿਆਂ ਸਦਾ ਸਦਾ ਹਰਿ ਨਾਮੁ ਧਿਆਈ' ਵਾਲੀ ਸਥਿਤੀ ਵਿਚ ਪਹੁੰਚਣਾ ਸਰਲ ਤੇ ਸੰਭਵ ਹੋ ਜਾਂਦਾ ਹੈ। ਹਾਂ ਜਿਸ ਗੱਲ ਤੋਂ ਉਸ ਨੇ ਹਰ ਸਮੇਂ ਸੁਚੇਤਤਾ ਵਰਤਣੀ ਹੈ ਉਹ ਇਹ ਹੈ ਕਿ ਹਉਮੈ ਨੂੰ ਆਪਣੀ ਹਸਤੀ ਦੇ ਨੇੜੇ ਨਾ ਫੜਕਣ ਦੇਣਾ ਕਿਉਂਕਿ:ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ।। ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ।।ਅੰਗ-560ਮਨਮੁੱਖ ਅਜਿਹਾ ਹੀ ਇਨਸਾਨ ਹੈ ਜੋ ਹਉਮੈ ਨਾਲ ਪਿਆਰ ਕਰਕੇ ਆਪਣੀ ਹਸਤੀ ਨੂੰ ਬਲਵਾਨ ਕਰਦਾ ਹੈ ਤੇ ਰੱਬ ਦਾ ਸ਼ਰੀਕ ਬਣ ਬਹਿੰਦਾ ਹੈ। ਬਾਬਾ ਫਰੀਦ ਜੀ ਅਜਿਹੇ ਮਨ ਮਤੀਏ ਬਾਰੇ ਹੀ ਕਹਿੰਦੇ ਹਨ ਕਿ ਨਾਮ ਦੀ ਬਾਰਸ਼ ਹੋਣ ਦੇ ਬਾਵਜੂਦ ਵੀ ਉਹ ਅਭਾਗਾ ਇਵੇਂ ਸੁੱਕਾ ਰਹਿ ਜਾਂਦਾ ਹੈ ਜਿਵੇਂ ਬਾਰਸ਼ ਪੈਣ ਦੇ ਬਾਵਜੂਦ ਉੱਚਾ ਟਿੱਲਾ ਸੁੱਕਾ ਰਹਿ ਜਾਂਦਾ ਹੈ। ਮਨਮੁਖ ਦੀ ਤਾਂ ਖੇਡ ਹੀ ਹੋਰ ਜਹੀ ਹੋ ਜਾਂਦੀ ਹੈ।ਗੁਰਬਾਣੀ ਉਸ ਦਾ ਖਾਕਾ ਇਵੇਂ ਖਿਚਦੀ ਹੈ :
ਕਿਆ ਤੂ ਰਤਾ ਦੇਖਿ ਕੈ ਪੁਤ੍ਰ ਕਲਤ੍ਰ ਸੀਗਾਰ।।
ਰਸ ਭੋਗਹਿ ਖੁਸੀਆ ਕਰਹਿ ਮਾਣਹਿ ਰੰਗ ਅਪਾਰ ।।
ਬਹੁਤੁ ਕਰਹਿ ਫੁਰਮਾਇਸੀ ਵਰਤਹਿ ਹੋਇ ਅਫਾਰ (ਮਗਰੂਰ) ।।
ਕਰਤਾ ਚਿਤਿ ਨ ਆਵਈ ਮਨਮੁਖ ਅੰਧ ਗਵਾਰ।।ਅੰਗ-42

ਜਿਸ ਵਿਅਕਤੀ ਨੂੰ ਕਰਤਾ ਹੀ ਚਿਤ ਨਹੀਂ ਆ ਰਿਹਾ ਉਸ ਨੇ ਤਾਂ ਦਾਤ ਪਿਆਰੀ ਕੀਤੀ ਹੈ ਦਾਤਾਰੇ ਨੂੰ ਨਹੀਂ ਪਛਾਣਿਆ। ਅਜਿਹਾ ਮਨੁੱਖ ਮੂਰਖ ਹੈ, ਉਜੱਡ ਹੈ, ਭਟਕਿਆ ਹੋਇਆ ਹੈ ਸਗੋਂ ਚੋਰ ਹੈ :
ਬਿਨੁ ਸੰਗਤੀ ਸਭਿ ਐਸੇ ਰਹਹਿ ਜੈਸੇ ਪਸੁ ਢੋਰ।।
ਜਿਨ੍ਹਿ ਕੀਤੇ ਤਿਸੈ ਨ ਜਾਣਨ੍ਹੀ ਬਿਨੁ ਨਾਵੈ ਸਭਿ ਚੋਰ।।ਅੰਗ-427

ਗੁਰਬਾਣੀ ਤਦੇ ਸੰਗਤ ਨੂੰ ਗੁਰੂ ਦਾ ਦਰਜਾ ਦਿੰਦੀ ਹੈ ਤੇ ਨਾਮ ਪ੍ਰਾਪਤੀ ਲਈ ਸੰਗਤ ਦੀ ਸੰਗਤ ਵਿਚ ਜੁੜਨਾ ਲਾਹੇਵੰਦਾ ਹੈ ਕਿਉਂਕਿ ਇਵੇਂ ਕਰਨ ਨਾਲ ਵੀ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਦੀ ਭਾਵਨਾ ਨੂੰ ਫਲ ਲੱਗਦੇ ਹਨ ਤੇ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਦੀ ਸੋਝੀ ਦਾ ਅਵਸਰ ਪ੍ਰਦਾਨ ਹੁੰਦਾ ਹੈ। ਗੁਰਬਾਣੀ ਦੇ ਇਸ ਸੰਗਤੀ ਸੰਕਲਪ ਤੇ ਅਮਲ ਕਰਨ ਨਾਲ ਮਨੁੱਖ ਨਾਮ ਦੀ ਪ੍ਰਾਪਤੀ ਲਈ ਘਰ ਬਾਹਰ ਛੱਡ ਕੇ ਜੰਗਲਾਂ ਵਿਚ ਜਾ ਕੇ ਧੂਣੀਆਂ ਲਾਣ ਦੇ ਫੋਕਟ ਕਰਮ ਕਾਂਡਾਂ ਤੋਂ ਬਚ ਜਾਂਦਾ ਹੈ ਕਿਉਂਕਿ ਬਾਣੀ ਉਸ ਨੂੰ ਸਪੱਸ਼ਟ ਮਾਰਗ ਦੱਸਦਿਆਂ ਸੁਚੇਤ ਕਰਦੀ ਹੈ ਕਿ ਪ੍ਰਭੂ ਪ੍ਰਾਪਤੀ ਲਈ ਸੰਸਾਰ ਤਿਆਗਣ ਦੀ ਲੋੜ ਨਹੀ : ਸੰਸਾਰ ਵਿਚ ਵਿਚਰਦਿਆਂ ਹੋਇਆਂ ਉਸ ਨੂੰ ਪਹਿਚਾਨਣਾ, ਖੋਜਣਾ ਤੇ ਪਾਉਣਾ ਹੈ। ਗੁਰਬਾਣੀ ਸੰਸਾਰ ਤੋਂ ਮੁਕਤ ਹੋਣ ਦੀ ਥਾਂ ਸੰਸਾਰ ਵਿਚ ਮੁਕਤ ਹੋ ਕੇ ਜੀਣ ਦੀ ਗੱਲ ਤੇ ਜ਼ੋਰ ਦੇਂਦੀਹੈ। ਅਕਾਲਪੁਰਖ ਕੇਵਲ ਜੰਗਲਾਂ ਤੇ ਪਹਾੜਾਂ ਵਿਚ ਹੀ ਨਹੀਂ ਉਹ ਤਾਂ ਘਟ ਘਟ ਵਿਚ ਸਮਾਇਆ ਹੋਇਆ ਹੈ, 'ਸਭੈ ਘਟ ਰਾਮੁ ਬੋਲੈ ਰਾਮਾ ਬੋਲੈ।। ਰਾਮ ਬਿਨਾ ਕੋ ਬੋਲੈ ਰੇ।। ਅੰਗ-988 ਪ੍ਰਮਾਤਮਾ ਦੀ ਬਾਦਸ਼ਾਹਤ ਤਾਂ ਹਰ ਹਿਰਦੇ ਅੰਦਰ ਹੈ ਫਿਰ ਉਸ ਪ੍ਰਮਾਤਮਾ ਨੂੰ ਜੰਗਲਾਂ ਵਿਚ ਕੀ ਜਪਣਾ ਹੋਇਆ? ਉਹ ਤਾਂ ਸਾਡੇ ਅੰਦਰ ਬਿਰਾਜਮਾਨ ਹੈ ਅਤੇ ਹਰ ਵਕਤ ਸੁਲਭ ਹੈ।
ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ।।
ਦੇਹੀ ਮਹਿ ਇਸ ਕਾ ਬਿਸ੍ਰਾਮੁ ।।ਅੰਗ-293

ਇਸ ਲਈਨਾਨਕ ਨਾਮੁ ਮਿਲੈ ਵਡਿਆਈ ਏਦੂ ਉਪਰਿ ਕਰਮੁ ਨਹੀ।। ਜੇ ਘਰਿ ਹੋਦੈ ਮੰਗਣਿ ਜਾਈਐ ਫਿਰਿ ਓਲਾਮਾ ਮਿਲੈ ਤਹੀ ।।ਅੰਗ-903ਸਪੱਸ਼ਟ ਹੈ ਰੱਬ ਦੇ ਨਾਮ ਦੀ ਪ੍ਰਾਪਤੀ ਲਈ ਦਿਖਾਵੇ ਦੀ ਕਿਸੇ ਪੈਂਤੜੇਬਾਜ਼ੀ ਦੀ ਲੋੜ ਨਹੀਂ ਤੇ ਨਾ ਹੀ ਇਸ ਦਾ ਕੋਈ ਮਹੱਤਵ ਹੈ।ਗੁਰਬਾਣੀ ਵਿਚ ਨਾਮ ਦੇ ਸੰਕਲਪ ਨੂੰ ਮੁੱਖ ਆਧਾਰ ਮੰਨਦਿਆਂ ਹੋਇਆਂ ਇਹ ਸਭ ਕਰਮ ਕਾਂਡ, ਪਾਪ ਪੁੰਨ, ਪੂਜਾ ਅਰਚਾ, ਤੀਰਥ ਭਰਮਣ ਤੇ ਦਾਨ ਇਸ਼ਨਾਨ ਨਾਮ ਦੀ ਵਿਡੱਤਣ ਅੱਗੇ ਹੇਚ ਤੇ ਤੁਛ ਹਨ। ਗੁਰਬਾਣੀ ਫਰਮਾਣ ਹੈ :
ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮੁ ।।ਅੰਗ-401

ਗੁਰੂ ਦੀ ਕ੍ਰਿਪਾ ਦੁਆਰਾ ਨਾਮ ਦੀ ਸੁੱਚੀ ਦਾਤ ਮਿਲ ਜਾਵੇ ਤਾਂ ਇਸ ਦੇ ਸਾਹਮਣੇ ਸਭ ਕੁਝ ਹੇਚ ਹੈ ਤੇ ਇਸਦੇ ਤੁਲ ਕੁਝ ਵੀ ਨਹੀਂ :
ਕਰਮ ਧਰਮ ਅਨੇਕ ਕਿਰਿਆ ਸਭ ਊਪਰਿ ਨਾਮੁ ਅਚਾਰੁ ।।ਅੰਗ-405

ਵਿਕਾਰਾਂ ਦੀ ਹਦ ਤੋਂ ਦੂਰ ਲੈ ਜਾਣ ਵਾਲਾ ਨਾਮ ਤਾਂ ਵਸਤ ਅਗੋਚਰ ਹੈ, ਨਿਧੀਆਂ ਦਾ ਖਜ਼ਾਨਾ ਹੈ, ਤ੍ਰਿਪਤੀ ਦਾ ਸੋਮਾ ਹੈ, ਅਮੋਲਕ ਹੀਰਾ ਹੈ, ਅਲੌਕਿਕ ਕ੍ਰਿਸ਼ਮਾ ਹੈ, ਸੁੱਚੀ ਕਾਰ ਹੈ, ਸੁਚੱਜੀ ਵਰਤਣ ਹੈ, ਸੁਜੱਸ ਵਿਹਾਰ ਹੈ ਇਸ ਲਈ ਇਸ ਦੇ ਸਿਮਰਨ ਨੂੰ ਛੱਡ ਕੇ ਕਿਸੇ ਹੋਰ ਵਸਤੂ ਮਗਰ ਲੱਗਣਾ ਨਾਦਾਨੀ ਹੈ, ਨਾਲਾਇਕੀ ਹੈ।
ਹਰਿ ਕਾ ਨਾਮੁ ਨ ਜਪਸਿ ਗਵਾਰਾ ਕਿਆ ਸੋਚਹਿ ਬਾਰੰਬਾਰਾ।।ਅੰਗ-655

ਇਸ ਲਈ ਵਣਜ ਸੱਚੇ ਨਾਮ ਦਾ ਹੀ ਸੋਭਦਾ ਹੈ। ਇਹੀ ਸੱਚਾ ਸੌਦਾ ਹੈ ਜਿਸ ਦੇ ਲਾਭਾਂ ਨੇ ਸਾਡਾ ਅਸਾਸਾ ਬਣ ਕੇ ਮਰਨ ਉਪਰੰਤ ਵੀ ਸਾਡੇ ਨਾਲ ਜਾਣਾ ਹੈ :
ਸਾਥਿ ਨ ਚਾਲੈ ਬਿਨੁ ਭਜਨ ਬਿਖਿਆ ਸਗਲੀ ਛਾਰੁ ।।
ਹਰਿ ਹਰਿ ਨਾਮੁ ਕਮਾਵਨਾ ਨਾਨਕ ਇਹੁ ਧਨੁ ਸਾਰੁ ।।ਅੰਗ-288

ਗੁਰਬਾਣੀ ਵਿਚ ਥਾਂ ਪਰ ਥਾਂ ਉਪਦੇਸ਼ ਹੈ ਕਿ 'ਨਾਵੈ ਜੇਵਡੁ ਹੋਰ ਧਨ ਨਾਹੀ ਕੋਇ'। ਇਸ ਸੰਸਾਰ ਵਿਚ ਅਤੇ ਅਕਾਲਪੁਰਖ ਦੇ ਦਰਬਾਰ ਦਾ ਉਹੀ ਸ਼ਾਹ ਹੈ, ਜਿਸ ਪਾਸ ਨਾਮ ਦੀ ਦਾਤ ਹੈ। ਹੁਕਮ ਹੈ :
ਲਗਿ ਸੰਤ ਚਰਣੀ ਪੜੇ ਸਰਣੀ ਮਨਿ ਤਿਨਾ ਓਮਾਹਾ।।
ਬਿਨਵੰਤਿ ਨਾਨਕੁ ਜਿਨ ਨਾਮੁ ਪਲੈ ਸੇਈ ਸਚੇ ਸਾਹਾ।।ਅੰਗ-543/44

ਇਸ ਲਈ ਜੇਕਰ ਵਾਹਿਗੁਰੂ ਦਾ ਨਾਂ ਹੀ ਨਹੀਂ ਸੇਵਿਆ ਗਿਆ ਤਾਂ ਜ਼ਿੰਦਗੀ ਦਾ ਹੋਰ ਪ੍ਰਯੋਜਨ ਹੀ ਕੀ ਰਿਹਾ? ਇਹ ਮਨੁੱਖਾ ਦੇਹੀ ਸਾਨੂੰ ਇਸ ਖੇਤਰ ਵਿਚ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਪ੍ਰਦਾਨ ਕਰਦੀ ਹੈ। ਪਰ ਅਫਸੋਸ ਦੀ ਗੱਲ ਹੈ ਕਿ ਲਾਲਚ, ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਦੇ ਪ੍ਰਭਾਵਾਂ ਦੇ ਵਸ ਵਿਚ ਆ ਕੇ ਮਨੁੱਖ ਆਪਣੇ ਆਪ ਨੂੰ ਅਜਿਹਾ ਕਸੂਤਾ ਫਸਾ ਲੈਂਦਾ ਹੈ ਕਿ ਉਸ ਦਾ ਇਸ ਮਾਇਆ ਜਾਲ ਵਿਚੋਂ ਛੁਟਕਾਰਾ ਮੁਸ਼ਕਿਲ ਹੋ ਜਾਂਦਾ ਹੈ :
ਭੂਲਿਓ ਮਨੁ ਮਾਇਆ ਉਰਝਾਇਓ।।
ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ।।ਅੰਗ-702

ਅਜਿਹੇ ਮਨੁੱਖ ਦਾ ਸੰਸਾਰ ਆਗਮਨ ਬਿਰਥਾ ਜਾਂਦਾ ਹੈ ਤੇ ਉਹ ਆਵਾ ਗਵਣ ਦੇ ਚੱਕਰ ਵਿਚ ਹੀ ਭਟਕਦਾ ਹੋਇਆ ਮੋਖ ਦਵਾਰੇ ਤੋਂ ਦੂਰ ਹੋਰ ਦੂਰ ਹੁੰਦਾ ਜਾਂਦਾ ਹੈ। ਨਤੀਜੇ ਵਜੋਂ ਪ੍ਰਭੂ ਦੇ ਦਰਬਾਰ ਵਿਚ ਪਹੁੰਚ ਕੇ ਉਸ ਨੂੰ ਆਪਣੇ ਕੀਤੇ ਤੇ ਪਛਤਾਵਾ ਹੁੰਦਾ ਹੈ, ਉਹ ਸ਼ਰਮ ਨਾਲ ਪਾਣੀ ਪਾਣੀ ਹੋ ਜਾਂਦਾ ਹੈ। ਉਸ ਦੀ ਕਿਸੇ ਪਾਸੇ ਢੋਈ ਨਹੀਂ ਹੁੰਦੀ। ਸੁੱਖਾਂ ਤੋਂ ਉਹ ਕੋਹਾਂ ਦੂਰ ਹੋ ਜਾਂਦਾ ਹੈ। ਇਸ ਪ੍ਰਥਾਏ ਮਹਾਂਵਾਕ ਹੈ:ਲਾਜ ਮਰੈ ਜੋ ਨਾਮੁ ਨ ਲੇਵੈ ।। ਨਾਮ ਬਿਹੂਨ ਸੁਖੀ ਕਿਉ ਸੋਵੈ।।ਅੰਗ-1149ਇਹ ਤਾਂ ਕਿੱਕਰ ਬੀਜ ਕੇ ਦਾਖ ਬਿਜੋਰੀਆਂ ਪ੍ਰਾਪਤ ਕਰਨ ਦੀ ਲਾਲਸਾ ਹੋਈ ਜੋ ਪੂਰੀ ਹੋਣੀ ਅਸੰਭਵ ਹੈ। ਨਾਮ ਜਲ ਨਾਲ ਹੀ ਤ੍ਰਿਸ਼ਨਾ ਦੀ ਅੱਗ ਠੰਡੀ ਹੋ ਸਕਦੀ ਹੈ ਤੇ ਨਾਮ ਜਲ ਗੁਰੂ ਦੀ ਕ੍ਰਿਪਾ ਦੀ ਬਦੌਲਤ ਪ੍ਰਾਪਤ ਹੋ ਸਕਦਾ ਹੈ। ਗੁਰੂ ਦੀ ਮਿਹਰ ਭਰੀ ਇਕ ਨਿਗਾਹ ਨਾਲ ਪ੍ਰਾਣੀ ਸੰਸਾਰਕ ਚਿੱਕੜ ਵਿਚ ਹੱਥ ਡੋਬਣ ਤੋਂ ਬਚ ਸਕਦਾ ਹੈ :
ਕੀਚੜਿ ਹਾਥੁ ਨ ਬੂਡਈ ਏਕਾ ਨਦਰਿ ਨਿਹਾਲਿ।।
ਨਾਨਕ ਗੁਰਮੁਖਿ ਉਬਰੇ ਗੁਰੂ ਸਰਵਰੁ ਸਚੀ ਪਾਲਿ।।
ਅਗਨਿ ਮਰੈ ਜਲੁ ਲੋੜਿ ਲਹੁ ਵਿਣੁ ਗੁਰ ਨਿਧਿ ਜਲੁ ਨਾਹਿ।।
ਜਨਮਿ ਮਰੈ ਭਰਮਾਈਐ ਜੇ ਲਖ ਕਰਮ ਕਮਾਹਿ ।।ਅੰਗ-1411

ਜੇ ਨਦਰ ਸਵੱਲੀ ਹੋ ਜਾਵੇ ਤਾਂ ਤੇ ਕੌਡਾ ਰਾਕਸ਼ ਵੀ ਤਰ ਸਕਦਾ ਹੈ ਤੇ ਠਗ ਵੀ ਸੱਜਣ ਹੋ ਨਿਬੜਦਾ ਹੈ। ਇਸੇ ਲਈ ਗੁਰਬਾਣੀ ਵਿਚ ਨਦਰਿ, ਬਖਸ਼ਿਸ਼, ਮਿਹਰ, ਕਿਰਪਾ ਦੀ ਵਿਸ਼ੇਸ਼ ਮਹੱਤਤਾ ਹੈ ਜੋ ਸਾਨੂੰ ਨਾਮ ਦੀ ਅਮੁਲ ਦਾਤ ਪ੍ਰਾਪਤੀ ਵਿਚ ਸਹਾਈ ਹੋ ਸਕਦੀ ਹੈ। ਗੁਰੂ ਪਸੀਜ ਜਾਵੇ ਤਾਂ ਸਭ ਕੁਝ ਸੰਭਵ ਹੈ :
ਨੀਚਹ ਊਚ ਕਰੈ ਮੇਰਾ ਗੋਬਿੰਦ ਕਾਹੂ ਤੇ ਨ ਡਰੈ।।
ਨਾਮਦੇਵ ਕਬੀਰ ਤਿਲੋਚਨ ਸਧਨਾ ਸੈਨੁ ਤਰੈ।।
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ।।ਅੰਗ-1106

ਜਿਵੇਂ ਕਿ ਜ਼ਿਕਰ ਕੀਤਾ ਜਾ ਚੁੱਕਾ ਹੈ ਨਾਮ ਅਕਾਲਪੁਰਖ ਦਾ ਆਪਣਾ ਨਾਂ ਹੈ, ਉਸ ਦਾ ਜਸ ਹੈ, ਉਸ ਦੀ ਕੀਰਤੀ ਹੈ ਇਸ ਲਈ ਉਸ ਵਿਚ ਉਸ ਦੀ ਵਿਸਮਾਦੀ ਹਸਤੀ ਦੇ ਗੁਣਾਂ ਦੀ ਪਛਾਣ ਵੀ ਨਾਮ ਤੋਂ ਹੀ ਹੋ ਸਕਦੀ ਹੈ। ਗੁਰਬਾਣੀ ਇਸ ਕਾਰਨ ਕਰਕੇ ਵੀ ਮਨੁੱਖ 'ਤੇ ਜ਼ੋਰ ਪਾਉਂਦੀ ਹੈ ਕਿ ਉਹ ਸਾਰੇ ਸਦਾਚਾਰੀ, ਸਮਾਜਿਕ ਤੇ ਅਧਿਆਤਮਿਕ ਗੁਣਾਂ ਦਾ ਵੀ ਧਾਰਨੀ ਬਣੇ ਜਿਹੜੇ ਗੁਣ ਅਕਾਲਪੁਰਖ ਦੇ ਵਸਫਾਂ ਨੂੰ ਸ਼ੋਭਨੀਕ ਬਣਾਉਂਦੇ ਹਨ। ਇਵੇਂ ਗੁਰਬਾਣੀ ਨਾਮ ਰਸੀਏ ਲਈ ਪਹਿਲੀ ਮੰਗ ਇਹ ਕਰਦੀ ਹੈ ਕਿ ਉਹ ਕਿਰਦਾਰ ਦਾ ਉੱਚਾ ਹੋਵੇ, ਵਿਹਾਰ ਦਾ ਸੁੱਚਾ ਹੋਵੇ, ਸੱਚ ਦਾ ਉਪਾਸ਼ਕ ਹੋਵੇ ਤੇ ਹਰ ਪ੍ਰਕਾਰ ਦੇ ਸ਼ੁਭ ਗੁਣਾਂ ਦਾ ਪ੍ਰੀਤਵਾਨ ਹੋਵੇ ਕਿਉਂਕਿ ਸੁਚੇ ਭਾਂਡੇ ਵਿਚ ਹੀ ਸੁੱਚੀ ਚੀਜ਼ ਟਿਕ ਸਕਦੀ ਹੈ। ਹੁਣ ਇਥੇ ਸਵਾਲ ਉਠਦਾ ਹੈ ਕਿ ਫਿਰ ਮਨੁੱਖ ਕਿਹੋ ਜਿਹਾ ਹੋਵੇ ਤਾਂ ਜੋ ਨਾਮ ਦਾ ਵਾਸਾ ਉਸ ਵਿਚ ਹੋ ਸਕੇ? ਗੁਰੂ ਤੇਗ਼ ਬਹਾਦਰ ਸਾਹਿਬ ਅਜਿਹੇ ਮਨੁੱਖ ਦਾ ਖਾਕਾ ਇਵੇਂ ਖਿਚਦੇ ਹਨ:
ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ।।
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ।। ਰਹਾਉ ।।
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ।।
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ।।
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ।।
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ।।
ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ।।
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ।।
ਅੰਗ-633/34

ਇਸ ਅਵਸਥਾ ਤੇ ਅਪੜ ਕੇ ਨਾਮ ਤੇ ਨਾਮੀ ਵਿਚ ਅੰਤਰ ਮੁਕ ਜਾਂਦਾ ਹੈ ਅਤੇ ਇਲਾਹੀ ਆਨੰਦ ਭਰੀ ਸਹਿਜ ਅਵਸਥਾ ਸਭ ਪਾਸੇ ਪਸਰ ਜਾਂਦੀ ਹੈ। ਮਨੁੱਖ ਦੁਨੀਆਂ ਦੇ ਕਾਰ ਵਿਹਾਰ ਕਰਦਾ ਹੋਇਆ ਵੀ ਆਪਣੀ ਲਿਵ ਵਾਹਿਗੁਰੂ ਦੇ ਸੱਚੇ ਨਾਮ ਨਾਲ ਜੋੜੀ ਰੱਖਦਾ ਹੈ ਜਾਂ ਇਵੇਂ ਕਹਿ ਲਵੋ ਕਿ ਲਿਵ ਜੁੜੀ ਰਹਿੰਦੀ ਹੈ। ਸਵਾਸ ਸਵਾਸ ਸਿਮਰਨ ਚਲਦਾ ਰਹਿੰਦਾ ਹੈ ਤੇ ਨਾਮ ਦਾ ਅੰਮ੍ਰਿਤ ਨਿਹਾਲ ਕਰਦਾ ਰਹਿੰਦਾ ਹੈ। ਇਥੇ ਪਹੁੰਚ ਕੇ ਜੇ ਹੋਰ ਸਭ ਕੁਝ ਵੀ ਭੁਲ ਜਾਏ ਤਦ ਵੀ ਇਕ ਗੱਲ ਜ਼ਰੂਰ ਚੇਤੇ ਰਹਿੰਦੀ ਹੈ ਤੇ ਉਹ ਹੈ:
ਤੇਰਾ ਏਕੁ ਨਾਮੁ ਤਾਰੇ ਸੰਸਾਰੁ ।। ਮੈ ਏਹਾ ਆਸ ਏਹੋ ਆਧਾਰੁ ।।ਅੰਗ-24ਨਾਮ ਜਪਣ ਵਾਲੇ ਪਰਾਣੀ ਦੀ ਘਾਲ ਥਾਏਂ ਪੈਂਦੀ ਹੈ ਅਤੇ ਉਸਦਾ ਪਾਰ ਉਤਾਰਾ ਹੋ ਜਾਂਦਾ ਹੈ।ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ।। ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ।।ਅੰਗ-8

**ਸਰੂਪ ਸਿੰਘ ਅਲੱਗ**

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 52 ਹੁਕਮ

.......ਗਿਆਨੀ ਸੰਤੋਖ ਸਿੰਘ ਆਸਟ੍ਰੇਲੀਆ ਦਸਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਆਗਮਨ, ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਅਤੇ ਮਾਤਾ ਗੁਜਰੀ ਜੀ ਦੇ ਗ੍ਰਿਹ ਵਿਖੇ ਸੰਨ 1666 ਨੂੰ, ਸ੍ਰੀ ਪਟਨਾ ਸਾਹਿਬ ਵਿਚ ਹੋਇਆ।ਬਚਪਨ ਦੀ ਅਵਸਥਾ ਵਿਚ ਹੀ, ਪਿਤਾ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਆਪ ਜੀ ਨੂੰ ਪਟਨੇ ਸਾਹਿਬ ਤੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਲਿਆਂਦਾ ਗਿਆ ਜਿਥੇ ਕਿ ਯੋਗ ਵਿਦਵਾਨਾਂ ਪਾਸੋਂ ਆਪ ਜੀ ਨੂੰ ਦੁਨਿਆਵੀ ਵਿੱਦਿਆ ਦਿਵਾਉਣ ਦਾ, ਪਿਤਾ ਗੁਰੂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਵੱਲੋਂ ਢੁਕਵਾਂ ਤੇ ਸੁਚੱਜਾ ਪ੍ਰਬੰਧ ਕੀਤਾ ਗਿਆ। ਆਪ ਜੀ ਨੇ, ਉਸ ਸਮੇਂ ਦੇ ਪ੍ਰਸਿੱਧ ਅਤੇ ਪ੍ਰਬੀਨ ਸਿੱਖ, ਹਿੰਦੂ ਅਤੇ ਮੁਸਲਮਾਨ ਵਿਦਵਾਨਾਂ ਪਾਸੋਂ ਗੁਰਮੁਖੀ, ਗੁਰਬਾਣੀ, ਹਿੰਦੀ, ਸੰਸਕ੍ਰਿਤ, ਅਰਬੀ, ਫ਼ਾਰਸੀ, ਪੁਰਾਤਨ ਧਾਰਮਿਕ ਗ੍ਰੰਥਾਂ ਦੀ ਵਿੱਦਿਆ ਪ੍ਰਾਪਤ ਕਰਨ ਦੇ ਨਾਲ ਨਾਲ ਸ਼ਸਤਰ ਵਿੱਦਿਆ ਵਿਚ ਵੀ ਪ੍ਰਬੀਨਤਾ ਹਾਸਲ ਕੀਤੀ।ਸੰਨ 1675 ਵਿਚ, ਜਦੋਂ ਕਿ ਆਪ ਜੀ ਦੀ ਅਜੇ ਨੌਂ ਸਾਲ ਦੀ ਸਰੀਰਕ ਉਮਰ ਹੀ ਸੀ ਕਿ ਕਸ਼ਮੀਰੀ ਪੰਡਿਤਾਂ ਦੀ ਪੁਕਾਰ ਸੁਣ ਕੇ, ਗੰਭੀਰ ਵਿਚਾਰ ਵਿਚ ਪ੍ਰਵਿਰਤ ਵੇਖ, ਪਿਤਾ ਗੁਰੂ ਜੀ ਨੂੰ, ਧਰਮ ਦੀ ਰੱਖਿਆ ਖ਼ਾਤਰ ਕੁਰਬਾਨੀ ਦੇਣ ਵਾਸਤੇ ਬੇਨਤੀ ਕੀਤੀ।11 ਨਵੰਬਰ ਸੰਨ 1675 ਵਿਚ ਪਿਤਾ ਗੁਰੂ, ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਮਹਾਨ ਤੇ ਆਦਰਸ਼ਕ ਕੁਰਬਾਨੀ, ਜਿਸ ਨੂੰ ਆਪ ਜੀ ਨੇ, "ਤਿਲਕ ਜੰਞੂ ਰਾਖਾ ਪ੍ਰਭਤਾ ਕਾ। ਕੀਨੋ ਬਡੋ ਕਲੂ ਮਹਿ ਸਾਕਾ।" ਆਖ ਕੇ ਬਿਆਨਿਆ। ਇਸ 'ਬਡੋ ਸਾਕਾ' ਉਪਰੰਤ ਸਿੱਖ ਸਮਾਜ ਦੀ ਸਰਬਪੱਖੀ ਅਗਵਾਈ ਦੀ ਜ਼ੁੰਮੇਵਾਰੀ ਆਪ ਜੀ ਦੇ ਮੋਢਿਆਂ ਉਪਰ ਆ ਗਈ।ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਹੋਇਆਂ ਆਪ ਜੀ ਨੇ ਲੋੜ ਅਨੁਸਾਰ ਸਿੱਖ ਸੰਗਤਾਂ ਨੂੰ ਸ਼ਸਤਰਧਾਰੀ ਹੋਣ ਦਾ ਉਪਦੇਸ਼ ਦਿੱਤਾ ਅਤੇ ਇਸ ਪੱਖ ਦੀ ਸਫ਼ਲਤਾ ਵਾਸਤੇ ਹਰ ਸੰਭਵ ਯਤਨ ਵੀ ਕੀਤਾ।ਆਪ ਜੀ ਨੇ ਸਿੱਖਾਂ ਨੂੰ ਧਾਰਮਿਕ, ਸਰੀਰਕ, ਆਤਮਿਕ, ਵਿਦਿਅਕ, ਨੀਤਕ ਆਦਿ ਪੱਖਾਂ ਵਿਚ ਪ੍ਰੌੜ੍ਹਤਾ ਪ੍ਰਾਪਤ ਕਰਨ ਲਈ ਉਤਸ਼ਾਹਤ ਕੀਤਾ।ਆਪ ਨੇ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਪਾਉਂਟਾ ਸਾਹਿਬ, ਸ੍ਰੀ ਦਮਦਮਾ ਸਾਹਿਬ ਆਦਿ ਸਥਾਨਾਂ 'ਤੇ, ਜਦੋਂ ਤੇ ਜਿਥੇ-ਜਿਥੇ ਵੀ ਨਿਵਾਸ ਕੀਤਾ, ਆਪਣੇ ਦਰਬਾਰ ਵਿਚ, ਨਿਪੁੰਨ ਤੇ ਚੋਣਵੇਂ ਸਾਹਿਤਕਾਰਾਂ, ਯੋਧਿਆਂ, ਵਿਦਵਾਨਾਂ, ਕਵੀਆਂ, ਪ੍ਰਬੰਧਕਾਂ, ਪ੍ਰੇਮੀਆਂ, ਸੇਵਕਾਂ, ਸਿੱਖਾਂ, ਗੱਲ ਕੀ ਜਿਥੋਂ ਤੱਕ ਵੀ ਸੰਭਵ ਹੋ ਸਕਿਆ, ਹਰ ਪੱਖ ਦੇ ਮਾਹਰ ਵਿਅਕਤੀਆਂ ਨੂੰ, ਪੂਰਾ-ਪੂਰਾ ਮਾਣ-ਸਤਿਕਾਰ ਦੇ ਕੇ ਰੱਖਿਆ ਤੇ ਉਹਨਾਂ ਪਾਸੋਂ ਆਪਣੇ ਸਿੱਖਾਂ ਨੂੰ ਹਰ ਪ੍ਰਕਾਰ ਦੀ ਵਿੱਦਿਆ ਦਿਵਾਈ। ਅਜਿਹੇ ਮਾਹਰਾਂ ਨੂੰ ਆਪਣੇ ਪਾਸ ਰੱਖਣ ਅਤੇ ਮਾਣ ਦੇਣ ਸਮੇਂ ਆਪ ਜੀ ਨੇ ਮਜ਼ਹਬੀ ਵਿਖਰੇਵਿਆਂ ਤੋਂ ਉਪਰ ਉਠ ਕੇ ਵਰਤਾਰਾ ਕੀਤਾ।ਕਈ ਇਤਿਹਾਸਕਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿਖਿਆ ਨੂੰ ਸੁਚੱਜਤਾ ਸਹਿਤ ਸਮਝ ਸਕਣ ਦੀ ਸਮਰੱਥਾ ਨਾ ਰੱਖ ਸਕਣ ਕਾਰਨ, ਦਸਮ ਗੁਰੂ ਜੀ ਦੁਆਰਾ ਸਮੇਂ ਦੀ ਲੋੜ ਅਨੁਸਾਰ ਕੀਤੇ ਗਏ ਕਰਤਬਾਂ ਤੋਂ ਭੁਲੇਖਾ ਖਾ ਕੇ, ਇਉਂ ਸਮਝਣ ਦੀ ਗ਼ਲਤੀ ਖਾ ਜਾਂਦੇ ਹਨ ਕਿ ਜਿਵੇਂ ਗੁਰੂ ਜੀ ਦਾ ਮੁਖ ਉਦੇਸ਼ ਜੰਗ ਕਰਨਾ ਹੀ ਸੀ। ਪਰ ਜੋ ਆਪ ਜੀ ਦੀ ਖ਼ੁਦ ਦੀ ਲਿਖੀ ਬਾਣੀ ਅਤੇ ਇਤਿਹਾਸਕ ਘਟਨਾਵਾਂ ਨੂੰ ਗੰਭੀਰਤਾ ਸਹਿਤ ਵਾਚਦੇ ਹਨ, ਉਹ ਜਾਣਦੇ ਹਨ ਕਿ ਗੁਰੂ ਜੀ ਦਾ ਉਦੇਸ਼ ਜੰਗ ਕਰਨਾ ਨਹੀਂ ਸੀ ਬਲਕਿ ਉਹਨਾਂ ਦੇ ਆਪਣੇ ਸ਼ਬਦਾਂ ਵਿਚ, "ਧਰਮ ਚਲਾਵਨ ਸੰਤ ਉਬਾਰਨ।। ਦੁਸਟ ਸਭਨ ਕਉ ਮੂਲ ਉਪਾਰਨ।।" ਸੀ।ਆਪਣੇ ਮਨੁੱਖੀ ਭਲਾਈ ਦੇ ਉਦੇਸ਼ ਨੂੰ ਸਦਾ ਲਈ ਸੁਚਾਰੂ ਰੂਪ ਵਿਚ ਚਾਲੂ ਰੱਖਣ ਹਿਤ, ਆਪ ਜੀ ਨੇ ਸੰਨ 1699 ਨੂੰ ਵਿਸਾਖੀ ਵਾਲੇ ਦਿਨ ਖ਼ਾਲਸਾ ਪੰਥ ਦੀ ਸਾਜਣਾ ਕਰ ਕੇ, ਇਸ ਸੰਤ ਸਿਪਾਹੀਆਂ ਦੀ ਜਥੇਬੰਦੀ ਨੂੰ ਪੱਕੇ ਜ਼ਬਤ ਵਿਚ ਬੰਨ੍ਹ ਦਿੱਤਾ ਤਾਂ ਕਿ ਕਿਤੇ ਉਹਨਾਂ ਦਾ ਖ਼ਾਲਸਾ ਵੀ, ਯੁੱਧ ਸਮੇਂ ਦੇ ਜੋਸ਼ ਵਿਚ, ਬਦਲੇ ਦੀ ਭਾਵਨਾ ਅੰਦਰ ਵਹਿ ਕੇ, ਆਪ ਜ਼ਾਲਮ ਹਾਕਮਾਂ ਵਾਲੇ ਨੀਵੇਂ ਪਧਰ 'ਤੇ ਨਾ ਡਿਗ ਪਵੇ।ਗੁਰੂ ਜੀ ਨੂੰ ਸਮੇਂ ਦੇ ਜ਼ਾਲਮ ਹਾਕਮਾਂ ਅਤੇ ਉਹਨਾਂ ਦੇ ਅਧੀਨ ਰਜਵਾੜਿਆਂ ਨਾਲ, ਛੋਟੀਆਂ-ਵੱਡੀਆਂ ਚੌਦਾਂ ਲੜਾਈਆਂ ਲੜਨ ਲਈ ਮਜਬੂਰ ਹੋਣਾ ਪਿਆ। ਵੈਸੇ ਆਪ ਜੀ ਦਾ ਸਦਾ ਲਈ ਹੀ ਆਪਣੇ ਸਿੱਖਾਂ ਨੂੰ ਇਹ ਉਪਦੇਸ਼ ਹੈ ਕਿ ਕਦੀਂ ਵੀ ਕਿਸੇ 'ਤੇ ਵਾਧਾ ਨਹੀਂ ਕਰਨਾ ਬਲਕਿ ਹਰ ਸੰਭਵ ਯਤਨ ਕਰਨਾ ਹੈ ਜ਼ਾਲਮ ਨੂੰ ਜ਼ੁਲਮ ਤੋਂ ਰੋਕਣ ਦਾ। ਜੇਕਰ ਸਾਰੇ ਵਸੀਲੇ ਵਰਤ ਲੈਣ ਉਪਰੰਤ ਵੀ ਜ਼ਾਲਮ ਜ਼ੁਲਮ ਕਰਨ ਤੋਂ ਬਾਜ਼ ਨਹੀਂ ਆਉਂਦਾ ਤਾਂ ਫੇਰ ਹੀ ਮਜ਼ਲੂਮ ਦੀ ਰੱਖਿਆ ਖ਼ਾਤਰ ਸ਼ਸਤਰ ਵਰਤਣਾ ਹੈ।ਆਪਣੇ ਆਦਰਸ਼ ਖ਼ਾਤਰ ਆਪ ਜੀ ਨੇ ਸਾਰਾ ਪਰਵਾਰ ਹੀ ਕੁਰਬਾਨ ਕਰ ਦਿੱਤਾ।ਅੰਤ ਵਿਚ ਅਕਾਲ ਪੁਰਖ ਦੇ ਸੱਦੇ ਅਨੁਸਾਰ, ਪਰਮ ਜੋਤਿ ਵਿਚ ਆਪਣੀ ਜੋਤਿ ਨੂੰ ਅਭੇਦ ਕਰਨ ਤੋਂ ਪਹਿਲਾਂ, ਆਪਣੇ ਸਿੱਖਾਂ ਨੂੰ, "ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖ਼ਾਲਸੇ ਕਾ" ਦੀ ਆਗਿਆ ਕਰ ਕੇ, "ਜਿਉ ਜਲ ਮਹਿ ਜਲੁ ਆਇ ਖਟਾਨਾ।। ਤਿਉ ਜੋਤੀ ਸੰਗਿ ਜੋਤਿ ਸਮਾਨਾ।।" ਅਨੁਸਾਰ, ਇਸ ਅਸਾਰ ਸੰਸਾਰ ਤੋਂ ਆਪ ਜੀ ਸਰੀਰ ਕਰਕੇ ਅਲੋਪ ਹੋ ਗਏ।ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ, ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਕੀਤੇ 52 ਹੁਕਮ:

1. ਕਿਰਤ ਧਰਮ ਦੀ ਕਰਨੀ
2. ਦਸਵੰਧ ਦੇਣਾ
3. ਗੁਰਬਾਣੀ ਕੰਠ ਕਰਨੀ
4. ਅੰਮ੍ਰਿਤ ਵੇਲੇ ਜਾਗਣਾ
5. ਪਿਆਰ ਨਾਲ ਗੁਰਸਿੱਖਾਂ ਦੀ ਸੇਵਾ ਕਰਨੀ
6. ਗੁਰਸਿੱਖਾਂ ਪਾਸੋਂ ਗੁਰਬਾਣੀ ਦੇ ਅਰਥ ਸਮਝਣੇ
7. ਪੰਜ ਕਕਾਰਾਂ ਦੀ ਰਹਿਤ ਦ੍ਰਿੜ੍ਹ ਰੱਖਣੀ
8. ਸ਼ਬਦ ਦਾ ਅਭਿਆਸ ਕਰਨਾ
9. ਧਿਆਨ ਸਤਿ-ਸਰੂਪ ਦਾ ਕਰਨਾ
10. ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਣਾ
11. ਸਭ ਕਾਰਜਾਂ ਦੇ ਆਰੰਭ ਵੇਲੇ ਅਰਦਾਸ ਕਰਨੀ
12. ਜੰਮਣ, ਮਰਨ, ਵਿਆਹ ਆਨੰਦ ਸਮੇਂ, ਜਪੁ ਜੀ ਸਾਹਿਬ ਦਾ ਪਾਠ ਕਰਕੇ, ਕੜਾਹ ਪ੍ਰਸ਼ਾਦ ਤਿਆਰ ਕਰਕੇ, ਆਨੰਦ ਸਾਹਿਬ ਦਾ ਪਾਠ, ਅਰਦਾਸ ਕਰਕੇ, ਪੰਜਾਂ ਪਿਆਰਿਆਂ ਦਾ ਵਰਤਾਰਾ ਵਰਤਾ ਕੇ ਅਤੇ ਹਜ਼ੂਰੀ ਗ੍ਰੰਥੀ ਸਿੰਘ ਦਾ ਵਰਤਾਰਾ ਰੱਖਣ ਉਪਰੰਤ, ਸੰਗਤਾਂ ਨੂੰ ਵਰਤਾ ਦੇਣਾ।
13. ਜਦੋਂ ਤੱਕ ਕੜਾਹ ਪ੍ਰਸ਼ਾਦ ਵਰਤਦਾ ਰਹੇ ਸਾਰੀ ਸੰਗਤ ਅਡੋਲ ਬੈਠੀ ਰਹੇ।
14. ਵਿਆਹ ਆਨੰਦ ਬਿਨਾ ਗ੍ਰਿਹਸਤ ਨਹੀਂ ਕਰਨਾ
15. ਪਰ ਇਸਤਰੀ ਮਾਂ-ਭੈਣ ਕਰ ਜਾਨਣੀ
16. ਇਸਤਰੀ ਦਾ ਮੂੰਹ ਨਹੀਂ ਫਿਟਕਾਰਨਾ
17. ਜਗਤ ਜੂਠ ਤਮਾਕੂ ਬਿਖਿਆ ਦਾ ਤਿਆਗ ਕਰਨਾ
18. ਰਹਿਤਵਾਨ ਤੇ ਨਾਮ ਜਪਣ ਵਾਲੇ ਗੁਰਸਿੱਖਾਂ ਦੀ ਸੰਗਤ ਕਰਨੀ
19. ਜਿੰਨੇ ਕੰਮ ਆਪਣੇ ਕਰਨ ਵਾਲੇ ਹੋਣ ਉਹਨਾਂ ਦੇ ਕਰਨ ਵਿਚ ਆਲਸ ਨਹੀਂ ਕਰਨਾ
20. ਗੁਰਬਾਣੀ ਦਾ ਕੀਰਤਨ ਰੋਜ ਸੁਣਨਾ ਤੇ ਕਰਨਾ
21. ਕਿਸੇ ਦੀ ਨਿੰਦਿਆ, ਚੁਗਲੀ ਤੇ ਈਰਖਾ ਨਹੀਂ ਕਰਨੀ
22. ਧਨ, ਜਵਾਨੀ ਤੇ ਕੁਲ, ਜਾਤ ਦਾ ਮਾਣ ਨਹੀਂ ਕਰਨਾ
23. ਮੱਤ ਉਚੀ ਤੇ ਸੁੱਚੀ ਰੱਖਣੀ
24. ਸ਼ੁਭ ਕੰਮ ਕਰਦੇ ਰਹਿਣਾ
25. ਬੁਧ ਬਲ ਦਾ ਦਾਤਾ ਵਾਹਿਗੁਰੂ ਨੂੰ ਜਾਨਣਾ
26. ਕਸਮ ਚੁੱਕਣ ਵਾਲੇ ਤੇ ਇਤਬਾਰ ਨਹੀਂ ਕਰਨਾ
27. ਸੁਤੰਤਰ ਵਿਚਰਨਾ
28. ਰਾਜਨੀਤੀ ਵੀ ਪੜ੍ਹਨੀ
29. ਸ਼ਤਰੂ ਨਾਲ ਸਾਮ ਦਾਮ ਦੰਡ ਭੇਦ ਆਦਿ ਉਪਾ ਵਰਤਣੇ, ਯੁਧ ਕਰਨਾ ਧਰਮ ਹੈ।
30. ਸ਼ਸਤਰ ਵਿੱਦਿਆ ਅਤੇ ਘੋੜ ਸਵਾਰੀ ਦਾ ਅਭਿਆਸ ਕਰਨਾ
31. ਦੂਸਰੇ ਮੱਤਾਂ ਦੀਆਂ ਪੁਸਤਕਾਂ, ਵਿੱਦਿਆ ਪੜ੍ਹਨੀ ਪਰ ਭਰੋਸਾ ਦ੍ਰਿੜ੍ਹ ਗੁਰਬਾਣੀ ਅਤੇ ਅਕਾਲ ਪੁਰਖ ਤੇ ਹੀ ਰੱਖਣਾ
32. ਗੁਰੂ ਉਪਦੇਸ਼ ਧਾਰਨ ਕਰਨੇ
33. ਰਹਰਾਸਿ ਸਾਹਿਬ ਦਾ ਪਾਠ ਕਰਕੇ ਖੜ੍ਹੇ ਹੋ ਕੇ ਅਰਦਾਸ ਕਰਨੀ
34. ਸੌਣ ਸਮੇਂ ਸੋਹਿਲੇ ਦਾ ਪਾਠ ਕਰਨਾ
35. ਕੇਸ ਨੰਗੇ ਨਹੀਂ ਰੱਖਣੇ
36. ਸਿੰਘਾਂ ਦਾ ਪੂਰਾ ਨਾਂ ਲੈ ਕੇ ਬੁਲਾਉਣਾ, ਅੱਧਾ ਨਹੀਂ
37. ਸ਼ਰਾਬ ਨਹੀਂ ਸੇਵਨੀ
38. ਭਾਦਣੀ (ਸਿਰ ਮੁੰਨੇ) ਨੂੰ ਕੰਨਿਆਂ ਨਹੀਂ ਦੇਣੀ; ਉਸ ਘਰ ਦੇਣੀ ਜਿਥੇ ਅਕਾਲ ਪੁਰਖ ਦੀ ਸਿੱਖੀ ਹੋਵੇ
39. ਸਭ ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਅਤੇ ਗੁਰਬਾਣੀ ਅਨੁਸਾਰ ਕਰਨੇ
40. ਚੁਗਲੀ ਕਰਕੇ ਕਿਸੇ ਦਾ ਕੰਮ ਨਹੀਂ ਵਿਗਾੜਨਾ
41. ਕੌੜਾ ਬਚਨ ਕਰਕੇ ਕਿਸੇ ਦਾ ਦਿਲ ਨਹੀਂ ਦੁਖਾਉਣਾ
42. ਦਰਸ਼ਨ ਯਾਤਰਾ ਕੇਵਲ ਗੁਰਦੁਆਰਿਆਂ ਦੀ ਹੀ ਕਰਨੀ
43. ਬਚਨ ਕਰਕੇ ਪਾਲਣਾ
44. ਅਤਿਥੀ, ਪਰਦੇਸੀ, ਦੁਖੀ, ਲੋੜਵੰਦ, ਅਪੰਗ ਮਨੁਖ ਦੀ ਯਥਾਸ਼ਕਤ ਸਹਾਇਤਾ ਕਰਨੀ
45. ਧੀ ਦੀ ਕਮਾਈ ਦਾ ਧਨ ਬਿਖ ਕਰਕੇ ਜਾਨਣਾ
45. ਦਿਖਾਵੇ ਦੇ ਸਿੱਖ ਨਹੀਂ ਬਣਨਾ
47. ਸਿੱਖੀ ਕੇਸਾਂ ਸਵਾਸਾਂ ਸੰਗ ਨਿਭਾਉਣੀ, ਕੇਸਾਂ ਨੂੰ ਗੁਰੂ ਸਮਾਨ ਜਾਣ ਅਦਬ ਕਰਨਾ
48. ਚੋਰੀ, ਜਾਰੀ, ਠੱਗੀ, ਧੋਖਾ ਨਹੀਂ ਕਰਨਾ
49. ਗੁਰਸਿੱਖ ਦਾ ਇਤਬਾਰ ਕਰਨਾ
50. ਝੂਠੀ ਗਵਾਹੀ ਨਹੀਂ ਦੇਣੀ
51. ਝੂਠ ਨਹੀਂ ਬੋਲਣਾ
52. ਲੰਗਰ ਪ੍ਰਸ਼ਾਦ ਇਕ ਰਸ ਵਰਤਾਉਣਾ

## ਪੰਜਾਬ ਸਰਕਾਰ ਨਵੇਂ ਰੂਟ ਨਾਲ ਸ੍ਰੀ ਅਨੰਦਪੁਰ ਸਾਹਿਬ ਹੈਰੀਟੇਜ ਸਟਰੀਟ ਪ੍ਰੋਜੈਕਟ ਮੁੜ ਕਰੇਗੀ ਸ਼ੁਰੂ

ਪੰਜਾਬ ਸਰਕਾਰ ਨੇ ਸ੍ਰੀ ਅਨੰਦਪੁਰ ਸਾਹਿਬ ਦੇ ਹੈਰੀਟੇਜ ਸਟਰੀਟ (ਵਿਰਾਸਤੀ ਮਾਰਗ) ਪ੍ਰੋਜੈਕਟ ਨੂੰ ਦੁਬਾਰਾ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਹੈ। ਹਾਲਾਂਕਿ, ਹੁਣ ਇਸ ਪ੍ਰੋਜੈਕਟ ਦੇ ਰੂਪ ਵਿੱਚ ਕਾਫ਼ੀ ਬਦਲਾਅ ਕੀਤਾ ਗਿਆ ਹੈ। ਇਸ ਤੋਂ ਪਹਿਲਾਂ, ਇਸੇ ਸਾਲ ਦੀ ਸ਼ੁਰੂਆਤ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ



(ਐੱਸ ਜੀ ਪੀ ਸੀ) ਵੱਲੋਂ ਜਤਾਏ ਗਏ ਸਖ਼ਤ ਇਤਰਾਜ਼ਾਂ ਕਰਕੇ ਅਧਿਕਾਰੀਆਂ ਨੂੰ ਇਸ ਦੀ ਪੁਰਾਣੀ ਯੋਜਨਾ ਨੂੰ ਰੱਦ ਕਰਨਾ ਪਿਆ ਸੀ।ਪੰਜਾਬ ਦੇ ਸਿੱਖਿਆ ਅਤੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਹਰਜੋਤ ਸਿੰਘ ਬੈਂਸ ਨੇ ਪੁਸ਼ਟੀ ਕੀਤੀ ਕਿ ਪ੍ਰੋਜੈਕਟ ਦੇ ਡਿਜ਼ਾਈਨ ਅਤੇ ਰੂਟ ਨੂੰ ਅੰਤਿਮ ਰੂਪ ਦੇਣ ਲਈ ਸਰਕਾਰ ਅਤੇ ਐੱਸ ਜੀ ਪੀ ਸੀ ਦੇ ਨੁਮਾਇੰਦਿਆਂ ਦੀ ਸ਼ਮੂਲੀਅਤ ਵਾਲੀ ਇੱਕ ਕਮੇਟੀ ਦਾ ਗਠਨ ਕੀਤਾ ਗਿਆ ਹੈ। ਬੈਂਸ ਨੇ ਕਿਹਾ, " ਸ੍ਰੀ ਅਨੰਦਪੁਰ ਸਾਹਿਬ ਵਿੱਚ ਹੈਰੀਟੇਜ ਸਟਰੀਟ ਦੇ ਡਿਜ਼ਾਈਨ ਨੂੰ ਅੰਤਿਮ ਰੂਪ ਦੇਣ ਅਤੇ ਆਮ ਸਹਿਮਤੀ ਬਣਾਉਣ ਲਈ ਇੱਕ ਕਮੇਟੀ ਬਣਾਈ ਗਈ ਹੈ, ਜਿਸ ਵਿੱਚ ਐੱਸ ਜੀ ਪੀ ਸੀ ਦੇ ਨੁਮਾਇੰਦੇ ਵੀ ਸ਼ਾਮਲ ਹੋਣਗੇ।" ਪੰਜਾਬ ਸੈਰ-ਸਪਾਟਾ ਵਿਭਾਗ ਨੇ ਸ਼ੁਰੂ ਵਿੱਚ ਮੁੱਖ ਰੋਪੜ-ਅਨੰਦਪੁਰ ਸਾਹਿਬ ਹਾਈਵੇਅ ਤੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੱਕ ਇੱਕ ਹੈਰੀਟੇਜ ਸਟਰੀਟ ਬਣਾਉਣ ਦਾ ਪ੍ਰਸਤਾਵ ਦਿੱਤਾ ਸੀ। ਇਸ ਪ੍ਰੋਜੈਕਟ ਦੇ ਤਹਿਤ ਹਾਈਵੇਅ 'ਤੇ ਇੱਕ ਸੁੰਦਰ ਸਵਾਗਤੀ ਗੇਟ (ਲਾਂਘਾ) ਬਣਾਉਣ, ਤਖ਼ਤ ਸਾਹਿਬ ਵੱਲ ਜਾਣ ਵਾਲੇ ਰਸਤੇ 'ਤੇ ਪੂਰੀ ਤਰ੍ਹਾਂ ਚਿੱਟਾ ਮਾਰਬਲ ਵਿਛਾਉਣ ਅਤੇ ਰੂਟ 'ਤੇ ਸਥਿਤ ਦੁਕਾਨਾਂ ਨੂੰ ਸ੍ਰੀ ਅਨੰਦਪੁਰ ਸਾਹਿਬ ਦੇ ਇਤਿਹਾਸਕ ਅਤੇ ਆਰਕੀਟੈਕਚਰਲ ਵਿਰਸੇ ਦੇ ਅਨੁਸਾਰ ਮੁੜ ਡਿਜ਼ਾਈਨ ਕਰਨ ਦੀ ਯੋਜਨਾ ਸੀ।ਹਾਲਾਂਕਿ, ਇਸ ਪ੍ਰੋਜੈਕਟ ਨੂੰ ਐੱਸ ਜੀ ਪੀ ਸੀ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ, ਕਿਉਂਕਿ ਕਮੇਟੀ ਨੇ ਇਸ ਪ੍ਰੋਜੈਕਟ ਦੇ ਡਿਜ਼ਾਈਨ ਵਿੱਚ ਵੱਡੀਆਂ ਤਬਦੀਲੀਆਂ ਦੀ ਮੰਗ ਕੀਤੀ ਸੀ।ਅਸਲ ਯੋਜਨਾ ਨੂੰ ਛੱਡ ਕੇ, ਸਰਕਾਰ ਹੁਣ ਪਵਿੱਤਰ ਸ਼ਹਿਰ ਦੇ ਅੰਦਰ ਇੱਕ ਬਦਲਵੇਂ ਰੂਟ ਦੀ ਤਲਾਸ਼ ਕਰ ਰਹੀ ਹੈ। ਸੂਤਰਾਂ ਅਨੁਸਾਰ, ਸੋਧੇ ਹੋਏ ਪ੍ਰਸਤਾਵ ਵਿੱਚ ਹੈਰੀਟੇਜ ਸਟਰੀਟ ਕਿਲ੍ਹਾ ਅਨੰਦਗੜ੍ਹ ਸਾਹਿਬ ਤੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵੱਲ ਜਾਣ ਵਾਲੀ ਸੜਕ ਤੋਂ ਸ਼ੁਰੂ ਹੋ ਕੇ ਗੁਰਦੁਆਰਾ ਸੀਸ ਗੰਜ ਸਾਹਿਬ ਅਤੇ ਗੁਰਦੁਆਰਾ ਭੋਰਾ ਸਾਹਿਬ ਵੱਲ ਵਧੇਗੀ।ਪੁਰਾਣੀ ਯੋਜਨਾ ਦੇ ਉਲਟ, ਨਵੀਂ ਹੈਰੀਟੇਜ ਸਟਰੀਟ ਮੁੱਖ ਹਾਈਵੇਅ ਤੋਂ ਪ੍ਰਮੁੱਖ ਤੌਰ 'ਤੇ ਦਿਖਾਈ ਦੇਣ ਦੀ ਬਜਾਏ ਸ੍ਰੀ ਅਨੰਦਪੁਰ ਸਾਹਿਬ ਦੀਆਂ ਅੰਦਰੂਨੀ ਸੜਕਾਂ ਤੋਂ ਲੰਘੇਗੀ।

## ਜੂਨ 1984 ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦਗਾਰ ਗੈਲਰੀ ਤੇ ਮਾਤਾ ਜਗੀਰ ਕੌਰ



ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਜੂਨ 1984 ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦਗਾਰ ਗੈਲਰੀ ਵਿਚਲੀ ਹੇਠਲੀ ( ਇਸ ਲੇਖ ਨਾਲ ਲਗਾਈ ਗਈ) ਤਸਵੀਰ ਤਿਆਗ, ਕੁਰਬਾਨੀ, ਇਤਿਹਾਸ ਅਤੇ ਸੁਰਤ ਦੇ ਇਕ ਡੂੰਘੇ ਸੰਵਾਦ ਦਾ ਮਿਲਾਪ ਹੈ। ਜੂਨ 1984 ਦੇ ਘੱਲੂਘਾਰੇ ਦੀ 42ਵੀਂ ਵਰ੍ਹੇਗੰਢ ਮੌਕੇ ਸ੍ਰੀ ਦਰਬਾਰ ਸਾਹਿਬ ਸਮੂਹ ਅੰਦਰ ਬਣੀ ਸ਼ਹੀਦੀ ਗੈਲਰੀ ਵਿਚ ਡੇਰਾ ਬਾਬਾ ਨਾਨਕ ਲਾਗੇ ਪਿੰਡ ਸ਼ਾਹਪੁਰ ਜਾਜਨ ਦੀ ਮਾਤਾ ਜਗੀਰ ਕੌਰ ਜਦੋਂ ਆਪਣੇ ਦੋ ਸ਼ਹੀਦ ਪੁੱਤਰਾਂ ਭਾਈ ਮਨਜੀਤ ਸਿੰਘ ਅਤੇ ਭਾਈ ਹਰਦੀਪ ਸਿੰਘ ਦੀਆਂ ਤਸਵੀਰਾਂ ਨੂੰ ਨਿਹਾਰ ਰਹੀ ਸੀ, ਤਾਂ ਮਾਨੋ ਇਤਿਹਾਸ, ਕੁਰਬਾਨੀ, ਪਰੰਪਰਾ, ਸਿੱਖੀ ਜਜ਼ਬਾ ਅਤੇ ਪੰਥਕ ਫਰਜ਼; ਚਾਰੇ ਆਪਸ ਵਿਚ ਮਿਲ ਕੇ ਜੂਨ 1984 ਦੇ ਘੱਲੂਘਾਰੇ ਦਾ ਬਿਰਤਾਂਤ ਬਿਆਨ ਰਹੇ ਸਨ।ਇੱਕ ਮਾਂ ਲਈ ਆਪਣੇ ਪੁੱਤਰਾਂ ਦੀਆਂ ਤਸਵੀਰਾਂ ਅੱਗੇ ਖੜ੍ਹਨਾ ਸਿਰਫ਼ ਯਾਦਾਂ ਨੂੰ ਤਾਜ਼ਾ ਕਰਨਾ ਨਹੀਂ ਹੁੰਦਾ, ਸਗੋਂ ਉਹ ਆਪਣੇ ਹਿਰਦੇ ਵਿਚ ਵੱਸੇ ਪੰਥ ਵਾਸਤੇ ਕੁਰਬਾਨੀ, ਸ਼ਹਾਦਤ ਅਤੇ ਵਿਗੋਚੇ ਨੂੰ ਦੁਬਾਰਾ ਜੀਉਂਦੀ ਹੈ, ਜੋ ਧਰਮ ਲਈ ਮਰ-ਮਿਟਣ ਦੇ ਜਜ਼ਬੇ ਵਿਚੋਂ ਸਫੁਟ ਹੁੰਦਾ ਹੈ।ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਭਾਈ ਕੁਲਦੀਪ ਸਿੰਘ ਗੜਗੱਜ ਵਲੋਂ ਸ਼ਹੀਦ ਪੁੱਤਰਾਂ ਦੀ ਮਾਤਾ ਦੇ ਤਿਆਗ ਅਤੇ ਜਿਗਰੇ ਦਾ ਸਤਿਕਾਰ ਕਰਦਿਆਂ, ਉਨ੍ਹਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਦੇ ਘਰ ਆਉਣ ਦਾ ਵਾਅਦਾ ਕੀਤਾ ਗਿਆ। ਸ਼ਹੀਦਾਂ ਅਤੇ ਸ਼ਹੀਦਾਂ ਦੇ ਪਰਿਵਾਰਾਂ ਦਾ ਸਤਿਕਾਰ ਕਰਨਾ ਅਤੇ ਉਨ੍ਹਾਂ ਦੀ ਸੰਭਾਲ ਕਰਨੀ, ਇਕ ਅਹਿਲੇ ਪੰਥਕ ਫਰਜ਼ ਹੈ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਹਮੇਸ਼ਾ ਇਸ ਫਰਜ਼ ਦੀ ਪੂਰਤੀ ਦੀ ਉਮੀਦ ਕੀਤੀ ਜਾਂਦੀ ਹੈ ਜਿੰਦਾ ਤੇ ਬਹਾਦਰ ਕੌਮਾਂ ਦੀ ਪਛਾਣ ਸਿਰਫ਼ ਉਨ੍ਹਾਂ ਦੀਆਂ ਜਿੱਤਾਂ ਨਾਲ ਨਹੀਂ ਬਣਦੀ, ਸਗੋਂ ਉਨ੍ਹਾਂ ਮਾਵਾਂ ਨਾਲ ਬਣਦੀ ਹੈ, ਜਿਨ੍ਹਾਂ ਨੇ ਆਪਣੇ ਪੁੱਤਰਾਂ ਨੂੰ ਸੱਚ, ਸਿਧਾਂਤ ਅਤੇ ਵਿਸ਼ਵਾਸ ਦੇ ਰਾਹ ਉੱਤੇ ਤੋਰ ਕੇ ਕੁਰਬਾਨ ਕੀਤਾ। ਸਿੱਖ ਇਤਿਹਾਸ ਨੂੰ ਇਹ ਮਾਣ ਹਾਸਲ ਹੈ ਕਿ ਉਸ ਕੋਲ ਇਹੋ ਜਿਹੀਆਂ ਬੇਅੰਤ ਮਾਵਾਂ ਹਨ, ਜਿਨ੍ਹਾਂ ਨੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸੱਚ-ਧਰਮ ਹੇਤ ਸਰਬੰਸ ਦਾਨ ਕਰਨ ਦੀ ਕੁੱਲ ਦੁਨੀਆ ਤੋਂ ਲਾਸਾਨੀ ਕੁਰਬਾਨੀ ਨੂੰ ਸਿਜਦਾ ਕਰਦਿਆਂ ਆਪਣੇ ਲਖਤੇ ਜਿਗਰ ਅਤੇ ਸਿਰ ਦੇ ਸਾਈਆਂ ਸਮੇਤ ਸਾਰੇ-ਸਾਰੇ ਪਰਿਵਾਰ ਪੰਥ ਤੋਂ ਕੁਰਬਾਨ ਕਰ ਦਿੱਤੇ।

-ਤਲਵਿੰਦਰ ਸਿੰਘ ਬੁੱਟਰ (ਪੱਤਰਕਾਰ)


KHALSA AKHBAAR PRESENTS
ਖ਼ਾਲਸਾ ਅਖ਼ਬਾਰ
March
ਆਰੰਭਤਾ ਸੰਮਤ ਨਾਨਕਸ਼ਾਹੀ ੫੫੮ all-day
ਸ਼ਹੀਦੀ ਦਿਹਾੜਾ ਜਥੇਦਾਰ ਅਕਾਲੀ ਬਾਬਾ ਫੂ... all-day
Today
Schedule
Sat, 14 Mar
ਆਰੰਭਤਾ ਸੰਮਤ ਨਾਨਕਸ਼ਾਹੀ ੫੫੮ All day
ਸ਼ਹੀਦੀ ਦਿਹਾੜਾ ਜਥੇਦਾਰ ਅਕਾ... All day
Sun, 15 Mar
ਸ. ਬਘੇਲ ਸਿੰਘ ਵੱਲੋਂ ਦਿੱਲੀ ਫਤਹਿ All day
Tue, 17 Mar
ਗੁਰਿਆਈ ਦਿਵਸ ਸ੍ਰੀ ਗੁਰੂ ਹਰਿ... All day
Thu, 19 Mar
Add event on 14 Mar
NANAKSHAHI 558
NANAKSHAHI 558 | KHALSA SAMMAT 327-28 |BIKRAMI 2082-83
ਨਾਨਕਸ਼ਾਹੀ ਸੰਮਤ ੫੫੮
SCAN HERE
FOR ALL SIKH
CALENDAR DATES

# ਖ਼ਾਲਸਾ ਅਖ਼ਬਾਰ

ਗਿਆਨੀ ਦਿੱਤ ਸਿੰਘ ਜੀ ਦਾ ਪੰਜਾਬੀ ਪੱਤਰਕਾਰੀ ਨਾਲ ਬਹੁਤ ਗੂੜਾ ਸਬੰਧ ਰਿਹਾ ਤੇ ਖ਼ਾਲਸਾ ਅਖ਼ਬਾਰ (ਸਪਤਾਹਿਕ) ਜੋ ੧੩ ਜੂਨ ੧੮੮੬ ਈ. ਨੂੰ ਸ਼ੁਰੂ ਹੋਇਆ ਸੀ, ਇਹ ਸਿੰਘ ਸਭਾ ਲਾਹੌਰ ਨੇ ਆਪਣੇ ਉਦੇਸ਼ਾਂ ਤੇ ਪ੍ਰਚਾਰ ਨੂੰ ਮੁੱਖ ਰੱਖ ਕੇ ਸ਼ੁਰੂ ਕੀਤਾ ਸੀ। ਫਿਰ ੧੦ ਜੁਲਾਈ ੧੮੮੬ ਈ. ਤੋਂ ਖ਼ਾਲਸਾ ਅਖ਼ਬਾਰ ਦਾ ਨਾਮ 'ਖ਼ਾਲਸਾ ਅਖ਼ਬਾਰ ਲਾਹੌਰ ਲਿਖਣਾ ਸ਼ੁਰੂ ਹੋਇਆ। ਖ਼ਾਲਸਾ ਅਖਬਾਰ ਦੇ ਉਸ ਸਮੇਂ ਛਪੇ ਸੰਪਾਦਕੀ ਲੇਖਾਂ ਤੋਂ ਮਹਿਸੂਸ ਹੁੰਦਾ ਹੈ ਕਿ ਇਸ ਸਮੇਂ ਤੋਂ ਹੀ ਗਿਆਨੀ ਦਿੱਤ ਸਿੰਘ ਜੀ ਨੇ ਬਤੌਰ ਸੰਪਾਦਕ ਜ਼ਿੰਮੇਵਾਰੀ ਸੰਭਾਲ ਲਈ ਸੀ। ਫਿਰ ਅਕਤੂਬਰ ੧੮੮੯ ਤੋਂ ਬਾਅਦ ਇਸ ਅਖ਼ਬਾਰ ਦਾ ਕੋਈ ਵੀ ਅੰਕ ਪੜ੍ਹਨ ਨੂੰ ਨਹੀਂ ਮਿਲਿਆ ਤੇ ਕੁਝ ਸਮੇ ਲਈ ਇਹ ਅਖ਼ਬਾਰ ਛਪਣਾ ਬੰਦ ਹੋ ਗਿਆ ਸੀ। ਫਿਰ ੧ ਮਈ ੧੮੯੩ ਈ. ਤੋਂ ਲੈ ਕੇ ੨੩ ਅਗਸਤ ੧੯੦੧ ਈ. ਤੱਕ 'ਖ਼ਾਲਸਾ ਅਖ਼ਬਾਰ ਲਾਹੌਰ ਗਿਆਨੀ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ। ਪਹਿਲਾਂ ਇਹ ੮ ਪੰਨਿਆਂ ਦਾ ਸੀ ਪਰ ਜਨਵਰੀ ੧੮੯੮ ਤੋਂ ੧੨ ਪੰਨਿਆਂ ਦਾ ਛਪਣਾ ਸ਼ੁਰੂ ਹੋਇਆ। ੩੦ ਅਗਸਤ ੧੯੦੧ ਨੂੰ ਗਿਆਨੀ ਜੀ ਦੀ ਸਿਹਤ ਵਧੇਰੇ ਖ਼ਰਾਬ ਹੋਣ ਕਰਕੇ ਭਾਈ ਮੱਯਾ ਸਿੰਘ ਜੀ ਨੇ ਸੰਪਾਦਕੀ ਲਿਖੀ ਹੈ। ਫਿਰ ੬ ਸਤੰਬਰ ੧੯੦੧ ਨੂੰ ਦਿਨ ਦੇ ਸਾਢੇ ਦਸ ਵਜੇ ਗਿਆਨੀ ਜੀ ਅਕਾਲ ਚਲਾਣਾ ਕਰ ਗਏ। ਖ਼ਾਲਸਾ ਅਖ਼ਬਾਰ ਲਾਹੌਰ ਨੂੰ ਜਿਸ ਸਫ਼ਲਤਾ ਤੇ ਚੜ੍ਹਦੀ ਕਲਾ ਨਾਲ ਗਿਆਨੀ ਜੀ ਨੇ ਚਲਾਇਆ,ਇਹ ਸਿੱਖ ਪੱਤਰਕਾਰੀ ਨੂੰ ਉਹਨਾਂ ਦੀ ਮਹਾਨ ਦੇਣ ਕਹੀ ਜਾ ਸਕਦੀ ਹੈ। ਇਸ ਅਖ਼ਬਾਰ ਨੇ ਸਿੱਖ ਪੰਥ ਵਿਚ ਪੁਨਰ ਜਾਗ੍ਰਿਤੀ ਲਿਆਉਣ ਅਹਿਮ ਭੂਮਿਕਾ ਨਿਭਾਈ ਹੈ। ਬਾਅਦ ਵਿਚ ਇਹ ਅਖ਼ਬਾਰ ੧੯੦੫ ਈ. ਤੱਕ ਭਾਈ ਮੱਯਾ ਸਿੰਘ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ ਅਤੇ ਬਾਅਦ ਵਿਚ ਸਮੇਂ ਦੇ ਗੇੜ ਵਿਚ ਚਲਦਾ ਹੋਇਆ ਬੰਦ ਹੋ ਗਿਆ।

ਅਸੀਂ ਆਪਣੇ ਉਨ੍ਹਾਂ ਪੁਰਖਿਆਂ ਦੇ ਪਾਏ ਪੂਰਨਿਆਂ 'ਤੇ ਚਲਦੇ ਹੋਏ ਮੁੜ ਕੋਸ਼ਿਸ਼ ਕਰ ਕੇ 'ਖ਼ਾਲਸਾ ਅਖ਼ਬਾਰ' ਨੂੰ ਦੁਬਾਰਾ ਪ੍ਰਕਾਸ਼ਿਤ ਕਰ ਕੇ ਪਾਠਕਾਂ ਦੀ ਖੁਸ਼ੀ ਲੈ ਰਹੇ ਹਾਂ। ਇਸ ਵਿਚ ਸਿੱਖ ਰਹਿਤ ਮਰਯਾਦਾ, ਸਿੱਖ ਇਤਿਹਾਸ, ਸਿੱਖ ਸਿਧਾਂਤਾਂ, ਸਿੱਖ ਸਰਗਰਮੀਆਂ ਨਾਲ ਸੰਬੰਧਿਤ ਪੰਥ ਦੇ ਉੱਘੇ ਵਿਦਵਾਨਾਂ, ਦਾਰਸ਼ਨਿਕਾਂ ਤੇ ਚਿੰਤਕਾਂ ਆਦਿ ਦੇ ਲੇਖ ਪੜ੍ਹਨ ਨੂੰ ਮਿਲਣਗੇ।




## ਇੱਕ ਕੋਸ਼ਿਸ਼

### ਸਾਡੇ ਪੁਰਾਤਨ ਅਖ਼ਬਾਰ ਨੂੰ ਮੁੜ ਤੋਂ ਸੁਰਜੀਤ ਕਰਨ ਦੀ

### ਪੁਰਖਿਆਂ ਦੀ ਪੈੜ 'ਚ ਪੈਰ ਧਰਦਾ 'ਖ਼ਾਲਸਾ ਅਖ਼ਬਾਰ'

**ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ !**


+44 74913 74913
www.khalsaakhbaar.com
editor@khalsaakhbaar.com
@khalsaakhbaar

ਅਕਾਲ ਸਹਾਇ



# ਖ਼ਾਲਸਾ ਕੈਲੰਡਰ




## ਨਾਨਕਸ਼ਾਹੀ ਸੰਮਤ ੫੫੮ (ਸੰਨ 2026-27)

ਸਰਕਾਰ-ਏ-ਖ਼ਾਲਸਾ



### ਮਾਰਚ-26 ਚੇਤ ਅਪ੍ਰੈਲ-26

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| 30 (12 ਅਪ੍ਰੈਲ) | 31 (13 ਅਪ੍ਰੈਲ) | | | | | 1 (14 ਮਾਰਚ) |
| 2 (15 ਮਾਰਚ) | 3 (16 ਮਾਰਚ) | 4 (17 ਮਾਰਚ) | 5 (18 ਮਾਰਚ) | 6 (19 ਮਾਰਚ) | 7 (20 ਮਾਰਚ) | 8 (21 ਮਾਰਚ) |
| 9 (22 ਮਾਰਚ) | 10 (23 ਮਾਰਚ) | 11 (24 ਮਾਰਚ) | 12 (25 ਮਾਰਚ) | 13 (26 ਮਾਰਚ) | 14 (27 ਮਾਰਚ) | 15 (28 ਮਾਰਚ) |
| 16 (29 ਮਾਰਚ) | 17 (30 ਮਾਰਚ) | 18 (31 ਮਾਰਚ) | 19 (1 ਅਪ੍ਰੈਲ) | 20 (2 ਅਪ੍ਰੈਲ) | 21 (3 ਅਪ੍ਰੈਲ) | 22 (4 ਅਪ੍ਰੈਲ) |
| 23 (5 ਅਪ੍ਰੈਲ) | 24 (6 ਅਪ੍ਰੈਲ) | 25 (7 ਅਪ੍ਰੈਲ) | 26 (8 ਅਪ੍ਰੈਲ) | 27 (9 ਅਪ੍ਰੈਲ) | 28 (10 ਅਪ੍ਰੈਲ) | 29 (11 ਅਪ੍ਰੈਲ) |

### ਅਪ੍ਰੈਲ-26 ਵੈਸਾਖ ਮਈ-26

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | | 1 (14 ਅਪ੍ਰੈਲ) | 2 (15 ਅਪ੍ਰੈਲ) | 3 (16 ਅਪ੍ਰੈਲ) | 4 (17 ਅਪ੍ਰੈਲ) | 5 (18 ਅਪ੍ਰੈਲ) |
| 6 (19 ਅਪ੍ਰੈਲ) | 7 (20 ਅਪ੍ਰੈਲ) | 8 (21 ਅਪ੍ਰੈਲ) | 9 (22 ਅਪ੍ਰੈਲ) | 10 (23 ਅਪ੍ਰੈਲ) | 11 (24 ਅਪ੍ਰੈਲ) | 12 (25 ਅਪ੍ਰੈਲ) |
| 13 (26 ਅਪ੍ਰੈਲ) | 14 (27 ਅਪ੍ਰੈਲ) | 15 (28 ਅਪ੍ਰੈਲ) | 16 (29 ਅਪ੍ਰੈਲ) | 17 (30 ਅਪ੍ਰੈਲ) | 18 (1 ਮਈ) | 19 (2 ਮਈ) |
| 20 (3 ਮਈ) | 21 (4 ਮਈ) | 22 (5 ਮਈ) | 23 (6 ਮਈ) | 24 (7 ਮਈ) | 25 (8 ਮਈ) | 26 (9 ਮਈ) |
| 27 (10 ਮਈ) | 28 (11 ਮਈ) | 29 (12 ਮਈ) | 30 (13 ਮਈ) | 31 (14 ਮਈ) | | |

### ਮਈ-26 ਜੇਠ ਜੂਨ-26

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| 31 (14 ਜੂਨ) | | | | | 1 (15 ਮਈ) | 2 (16 ਮਈ) |
| 3 (17 ਮਈ) | 4 (18 ਮਈ) | 5 (19 ਮਈ) | 6 (20 ਮਈ) | 7 (21 ਮਈ) | 8 (22 ਮਈ) | 9 (23 ਮਈ) |
| 10 (24 ਮਈ) | 11 (25 ਮਈ) | 12 (26 ਮਈ) | 13 (27 ਮਈ) | 14 (28 ਮਈ) | 15 (29 ਮਈ) | 16 (30 ਮਈ) |
| 17 (31 ਮਈ) | 18 (1 ਜੂਨ) | 19 (2 ਜੂਨ) | 20 (3 ਜੂਨ) | 21 (4 ਜੂਨ) | 22 (5 ਜੂਨ) | 23 (6 ਜੂਨ) |
| 24 (7 ਜੂਨ) | 25 (8 ਜੂਨ) | 26 (9 ਜੂਨ) | 27 (10 ਜੂਨ) | 28 (11 ਜੂਨ) | 29 (12 ਜੂਨ) | 30 (13 ਜੂਨ) |

### ਜੂਨ-26 ਹਾੜ ਜੁਲਾਈ-26

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | 1 (15 ਜੂਨ) | 2 (16 ਜੂਨ) | 3 (17 ਜੂਨ) | 4 (18 ਜੂਨ) | 5 (19 ਜੂਨ) | 6 (20 ਜੂਨ) |
| 7 (21 ਜੂਨ) | 8 (22 ਜੂਨ) | 9 (23 ਜੂਨ) | 10 (24 ਜੂਨ) | 11 (25 ਜੂਨ) | 12 (26 ਜੂਨ) | 13 (27 ਜੂਨ) |
| 14 (28 ਜੂਨ) | 15 (29 ਜੂਨ) | 16 (30 ਜੂਨ) | 17 (1 ਜੁਲਾਈ) | 18 (2 ਜੁਲਾਈ) | 19 (3 ਜੁਲਾਈ) | 20 (4 ਜੁਲਾਈ) |
| 21 (5 ਜੁਲਾਈ) | 22 (6 ਜੁਲਾਈ) | 23 (7 ਜੁਲਾਈ) | 24 (8 ਜੁਲਾਈ) | 25 (9 ਜੁਲਾਈ) | 26 (10 ਜੁਲਾਈ) | 27 (11 ਜੁਲਾਈ) |
| 28 (12 ਜੁਲਾਈ) | 29 (13 ਜੁਲਾਈ) | 30 (14 ਜੁਲਾਈ) | 31 (15 ਜੁਲਾਈ) | | | |

### ਜੁਲਾਈ-26 ਸਾਵਣ ਅਗਸਤ-26

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| 32 (16 ਅਗਸਤ) | | | | 1 (16 ਜੁਲਾਈ) | 2 (17 ਜੁਲਾਈ) | 3 (18 ਜੁਲਾਈ) |
| 4 (19 ਜੁਲਾਈ) | 5 (20 ਜੁਲਾਈ) | 6 (21 ਜੁਲਾਈ) | 7 (22 ਜੁਲਾਈ) | 8 (23 ਜੁਲਾਈ) | 9 (24 ਜੁਲਾਈ) | 10 (25 ਜੁਲਾਈ) |
| 11 (26 ਜੁਲਾਈ) | 12 (27 ਜੁਲਾਈ) | 13 (28 ਜੁਲਾਈ) | 14 (29 ਜੁਲਾਈ) | 15 (30 ਜੁਲਾਈ) | 16 (31 ਜੁਲਾਈ) | 17 (1 ਅਗਸਤ) |
| 18 (2 ਅਗਸਤ) | 19 (3 ਅਗਸਤ) | 20 (4 ਅਗਸਤ) | 21 (5 ਅਗਸਤ) | 22 (6 ਅਗਸਤ) | 23 (7 ਅਗਸਤ) | 24 (8 ਅਗਸਤ) |
| 25 (9 ਅਗਸਤ) | 26 (10 ਅਗਸਤ) | 27 (11 ਅਗਸਤ) | 28 (12 ਅਗਸਤ) | 29 (13 ਅਗਸਤ) | 30 (14 ਅਗਸਤ) | 31 (15 ਅਗਸਤ) |

### ਅਗਸਤ-26 ਭਾਦੋਂ ਸਤੰਬਰ-26

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | 1 (17 ਅਗਸਤ) | 2 (18 ਅਗਸਤ) | 3 (19 ਅਗਸਤ) | 4 (20 ਅਗਸਤ) | 5 (21 ਅਗਸਤ) | 6 (22 ਅਗਸਤ) |
| 7 (23 ਅਗਸਤ) | 8 (24 ਅਗਸਤ) | 9 (25 ਅਗਸਤ) | 10 (26 ਅਗਸਤ) | 11 (27 ਅਗਸਤ) | 12 (28 ਅਗਸਤ) | 13 (29 ਅਗਸਤ) |
| 14 (30 ਅਗਸਤ) | 15 (31 ਅਗਸਤ) | 16 (1 ਸਤੰਬਰ) | 17 (2 ਸਤੰਬਰ) | 18 (3 ਸਤੰਬਰ) | 19 (4 ਸਤੰਬਰ) | 20 (5 ਸਤੰਬਰ) |
| 21 (6 ਸਤੰਬਰ) | 22 (7 ਸਤੰਬਰ) | 23 (8 ਸਤੰਬਰ) | 24 (9 ਸਤੰਬਰ) | 25 (10 ਸਤੰਬਰ) | 26 (11 ਸਤੰਬਰ) | 27 (12 ਸਤੰਬਰ) |
| 28 (13 ਸਤੰਬਰ) | 29 (14 ਸਤੰਬਰ) | 30 (15 ਸਤੰਬਰ) | 31 (16 ਸਤੰਬਰ) | | | |

### ਸਤੰਬਰ-26 ਅੱਸੂ ਅਕਤੂਬਰ-26

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | | | | 1 (17 ਸਤੰਬਰ) | 2 (18 ਸਤੰਬਰ) | 3 (19 ਸਤੰਬਰ) |
| 4 (20 ਸਤੰਬਰ) | 5 (21 ਸਤੰਬਰ) | 6 (22 ਸਤੰਬਰ) | 7 (23 ਸਤੰਬਰ) | 8 (24 ਸਤੰਬਰ) | 9 (25 ਸਤੰਬਰ) | 10 (26 ਸਤੰਬਰ) |
| 11 (27 ਸਤੰਬਰ) | 12 (28 ਸਤੰਬਰ) | 13 (29 ਸਤੰਬਰ) | 14 (30 ਸਤੰਬਰ) | 15 (1 ਅਕਤੂਬਰ) | 16 (2 ਅਕਤੂਬਰ) | 17 (3 ਅਕਤੂਬਰ) |
| 18 (4 ਅਕਤੂਬਰ) | 19 (5 ਅਕਤੂਬਰ) | 20 (6 ਅਕਤੂਬਰ) | 21 (7 ਅਕਤੂਬਰ) | 22 (8 ਅਕਤੂਬਰ) | 23 (9 ਅਕਤੂਬਰ) | 24 (10 ਅਕਤੂਬਰ) |
| 25 (11 ਅਕਤੂਬਰ) | 26 (12 ਅਕਤੂਬਰ) | 27 (13 ਅਕਤੂਬਰ) | 28 (14 ਅਕਤੂਬਰ) | 29 (15 ਅਕਤੂਬਰ) | 30 (16 ਅਕਤੂਬਰ) | |

### ਅਕਤੂਬਰ-26 ਕੱਤਕ ਨਵੰਬਰ-26

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| 30 (15 ਨਵੰਬਰ) | | | | | | 1 (17 ਅਕਤੂਬਰ) |
| 2 (18 ਅਕਤੂਬਰ) | 3 (19 ਅਕਤੂਬਰ) | 4 (20 ਅਕਤੂਬਰ) | 5 (21 ਅਕਤੂਬਰ) | 6 (22 ਅਕਤੂਬਰ) | 7 (23 ਅਕਤੂਬਰ) | 8 (24 ਅਕਤੂਬਰ) |
| 9 (25 ਅਕਤੂਬਰ) | 10 (26 ਅਕਤੂਬਰ) | 11 (27 ਅਕਤੂਬਰ) | 12 (28 ਅਕਤੂਬਰ) | 13 (29 ਅਕਤੂਬਰ) | 14 (30 ਅਕਤੂਬਰ) | 15 (31 ਅਕਤੂਬਰ) |
| 16 (1 ਨਵੰਬਰ) | 17 (2 ਨਵੰਬਰ) | 18 (3 ਨਵੰਬਰ) | 19 (4 ਨਵੰਬਰ) | 20 (5 ਨਵੰਬਰ) | 21 (6 ਨਵੰਬਰ) | 22 (7 ਨਵੰਬਰ) |
| 23 (8 ਨਵੰਬਰ) | 24 (9 ਨਵੰਬਰ) | 25 (10 ਨਵੰਬਰ) | 26 (11 ਨਵੰਬਰ) | 27 (12 ਨਵੰਬਰ) | 28 (13 ਨਵੰਬਰ) | 29 (14 ਨਵੰਬਰ) |

### ਨਵੰਬਰ-26 ਮੱਘਰ ਦਸੰਬਰ-26

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | 1 (16 ਨਵੰਬਰ) | 2 (17 ਨਵੰਬਰ) | 3 (18 ਨਵੰਬਰ) | 4 (19 ਨਵੰਬਰ) | 5 (20 ਨਵੰਬਰ) | 6 (21 ਨਵੰਬਰ) |
| 7 (22 ਨਵੰਬਰ) | 8 (23 ਨਵੰਬਰ) | 9 (24 ਨਵੰਬਰ) | 10 (25 ਨਵੰਬਰ) | 11 (26 ਨਵੰਬਰ) | 12 (27 ਨਵੰਬਰ) | 13 (28 ਨਵੰਬਰ) |
| 14 (29 ਨਵੰਬਰ) | 15 (30 ਨਵੰਬਰ) | 16 (1 ਦਸੰਬਰ) | 17 (2 ਦਸੰਬਰ) | 18 (3 ਦਸੰਬਰ) | 19 (4 ਦਸੰਬਰ) | 20 (5 ਦਸੰਬਰ) |
| 21 (6 ਦਸੰਬਰ) | 22 (7 ਦਸੰਬਰ) | 23 (8 ਦਸੰਬਰ) | 24 (9 ਦਸੰਬਰ) | 25 (10 ਦਸੰਬਰ) | 26 (11 ਦਸੰਬਰ) | 27 (12 ਦਸੰਬਰ) |
| 28 (13 ਦਸੰਬਰ) | 29 (14 ਦਸੰਬਰ) | 30 (15 ਦਸੰਬਰ) | | | | |

### ਦਸੰਬਰ-26 ਪੋਹ ਜਨਵਰੀ-27

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | | | 1 (16 ਦਸੰਬਰ) | 2 (17 ਦਸੰਬਰ) | 3 (18 ਦਸੰਬਰ) | 6 (19 ਦਸੰਬਰ) |
| 5 (20 ਦਸੰਬਰ) | 6 (21 ਦਸੰਬਰ) | 7 (22 ਦਸੰਬਰ) | 8 (23 ਦਸੰਬਰ) | 9 (24 ਦਸੰਬਰ) | 10 (25 ਦਸੰਬਰ) | 11 (26 ਦਸੰਬਰ) |
| 12 (27 ਦਸੰਬਰ) | 13 (28 ਦਸੰਬਰ) | 14 (29 ਦਸੰਬਰ) | 15 (30 ਦਸੰਬਰ) | 16 (31 ਦਸੰਬਰ) | 17 (1 ਜਨਵਰੀ) | 18 (2 ਜਨਵਰੀ) |
| 19 (3 ਜਨਵਰੀ) | 20 (4 ਜਨਵਰੀ) | 21 (5 ਜਨਵਰੀ) | 22 (6 ਜਨਵਰੀ) | 23 (7 ਜਨਵਰੀ) | 24 (8 ਜਨਵਰੀ) | 25 (9 ਜਨਵਰੀ) |
| 26 (10 ਜਨਵਰੀ) | 27 (11 ਜਨਵਰੀ) | 28 (12 ਜਨਵਰੀ) | 29 (13 ਜਨਵਰੀ) | | | |

### ਜਨਵਰੀ-27 ਮਾਘ ਫਰਵਰੀ-27

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | | | | 1 (14 ਜਨਵਰੀ) | 2 (15 ਜਨਵਰੀ) | 3 (16 ਜਨਵਰੀ) |
| 4 (17 ਜਨਵਰੀ) | 5 (18 ਜਨਵਰੀ) | 6 (19 ਜਨਵਰੀ) | 7 (20 ਜਨਵਰੀ) | 8 (21 ਜਨਵਰੀ) | 9 (22 ਜਨਵਰੀ) | 10 (23 ਜਨਵਰੀ) |
| 11 (24 ਜਨਵਰੀ) | 12 (25 ਜਨਵਰੀ) | 13 (26 ਜਨਵਰੀ) | 14 (27 ਜਨਵਰੀ) | 15 (28 ਜਨਵਰੀ) | 16 (29 ਜਨਵਰੀ) | 17 (30 ਜਨਵਰੀ) |
| 18 (31 ਜਨਵਰੀ) | 19 (1 ਫਰਵਰੀ) | 20 (2 ਫਰਵਰੀ) | 21 (3 ਫਰਵਰੀ) | 22 (4 ਫਰਵਰੀ) | 23 (5 ਫਰਵਰੀ) | 24 (6 ਫਰਵਰੀ) |
| 25 (7 ਫਰਵਰੀ) | 26 (8 ਫਰਵਰੀ) | 27 (9 ਫਰਵਰੀ) | 28 (10 ਫਰਵਰੀ) | 29 (11 ਫਰਵਰੀ) | 30 (12 ਫਰਵਰੀ) | |

### ਫਰਵਰੀ-27 ਫੱਗਣ ਮਾਰਚ-27

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| 30 (14 ਮਾਰਚ) | | | | | | 1 (13 ਫਰਵਰੀ) |
| 2 (14 ਫਰਵਰੀ) | 3 (15 ਫਰਵਰੀ) | 4 (16 ਫਰਵਰੀ) | 5 (17 ਫਰਵਰੀ) | 6 (18 ਫਰਵਰੀ) | 7 (19 ਫਰਵਰੀ) | 8 (20 ਫਰਵਰੀ) |
| 9 (21 ਫਰਵਰੀ) | 10 (22 ਫਰਵਰੀ) | 11 (23 ਫਰਵਰੀ) | 12 (24 ਫਰਵਰੀ) | 13 (25 ਫਰਵਰੀ) | 14 (26 ਫਰਵਰੀ) | 25 (27 ਫਰਵਰੀ) |
| 16 (28 ਫਰਵਰੀ) | 17 (1 ਮਾਰਚ) | 18 (2 ਮਾਰਚ) | 19 (3 ਮਾਰਚ) | 20 (4 ਮਾਰਚ) | 21 (5 ਮਾਰਚ) | 22 (6 ਮਾਰਚ) |
| 23 (7 ਮਾਰਚ) | 24 (8 ਮਾਰਚ) | 25 (9 ਮਾਰਚ) | 26 (10 ਮਾਰਚ) | 27 (11 ਮਾਰਚ) | 28 (12 ਮਾਰਚ) | 29 (13 ਮਾਰਚ) |

ਸੰਗਰਾਂਦ | ਪੂਰਨਮਾਸੀ | ਮੱਸਿਆ

## ਸਿੱਖ ਕੌਮ ਦੇ ਅਹਿਮ ਦਿਹਾੜੇ

- ਅਰੰਭਤਾ ਸੰਮਤ ਨਾਨਕਸ਼ਾਹੀ ੫੫੮ — ੦੧ ਚੇਤ (14 ਮਾਰਚ)
- ਸ਼ਹੀਦੀ ਦਿਹਾੜਾ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ — ੦੧ ਚੇਤ (14 ਮਾਰਚ)
- ਸ. ਬਘੇਲ ਸਿੰਘ ਵੱਲੋਂ ਦਿੱਲੀ ਫਤਿਹ — ੦੨ ਚੇਤ (15 ਮਾਰਚ)
- ਗੁਰਿਆਈ ਦਿਵਸ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ — ੦੪ ਚੇਤ (17 ਮਾਰਚ)
- ਗੁਰਿਆਈ ਦਿਵਸ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ — ੦੬ ਚੇਤ (19 ਮਾਰਚ)
- ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ — ੦੯ ਚੇਤ (22 ਮਾਰਚ)
- ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ — ੧੦ ਚੇਤ (23 ਮਾਰਚ)
- ਸ਼ਹੀਦੀ ਦਿਹਾੜਾ ਭਾਈ ਸੁਬੇਗ ਸਿੰਘ ਭਾਈ ਸ਼ਾਹਬਾਜ਼ ਸਿੰਘ ਜੀ — ੧੨ ਚੇਤ (25 ਮਾਰਚ)
- ਗੁਰਿਆਈ ਦਿਵਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ — ੧੯ ਚੇਤ (1 ਅਪ੍ਰੈਲ)
- ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ — ੧੯ ਚੇਤ (1 ਅਪ੍ਰੈਲ)
- ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ — ੨੫ ਚੇਤ (7 ਅਪ੍ਰੈਲ)
- ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ — ੨੭ ਚੇਤ (9 ਅਪ੍ਰੈਲ)
- ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ — ੨੭ ਚੇਤ (9 ਅਪ੍ਰੈਲ)
- ਸਿੱਖ ਦਸਤਾਰ ਦਿਵਸ — ੩੧ ਚੇਤ (13 ਅਪ੍ਰੈਲ)
- ਖ਼ਾਲਸਾ ਸਾਜਣਾ ਦਿਵਸ (ਵੈਸਾਖੀ) — ੦੧ ਵੈਸਾਖ (14 ਅਪ੍ਰੈਲ)
- ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ — ੦੫ ਵੈਸਾਖ (18 ਅਪ੍ਰੈਲ)
- ਜਨਮ ਦਿਹਾੜਾ ਭਗਤ ਧੰਨਾ ਜੀ — ੦੮ ਵੈਸਾਖ (21 ਅਪ੍ਰੈਲ)
- ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ — ੧੭ ਵੈਸਾਖ (30 ਅਪ੍ਰੈਲ)
- ਸ਼ਹੀਦੀ ਜੋੜ-ਮੇਲਾ ਸ੍ਰੀ ਮੁਕਤਸਰ ਸਾਹਿਬ — ੨੧ ਵੈਸਾਖ (4 ਮਈ)
- ਜਨਮ ਦਿਹਾੜਾ ਸ. ਜੱਸਾ ਸਿੰਘ ਜੀ ਰਾਮਗੜ੍ਹੀਆ — ੨੨ ਵੈਸਾਖ (5 ਮਈ)
- ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸਰਹਿੰਦ ਫ਼ਤਿਹ ਦਿਵਸ — ੨੯ ਵੈਸਾਖ (12 ਮਈ)
- ਛੋਟਾ ਘੱਲੂਘਾਰਾ ਕਾਹਨੂੰਵਾਨ (ਗੁਰਦਾਸਪੁਰ) — ੦੩ ਜੇਠ (17 ਮਈ)
- ਜਨਮ ਦਿਹਾੜਾ ਸ. ਜੱਸਾ ਸਿੰਘ ਜੀ ਆਹਲੂਵਾਲੀਆ — ੦੫ ਜੇਠ (19 ਮਈ)
- ਸ਼ਹੀਦੀ ਸਾਕਾ ਪਾਉਂਟਾ ਸਾਹਿਬ — ੦੮ ਜੇਠ (22 ਮਈ)
- ਜਨਮ ਦਿਹਾੜਾ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ — ੦੫ ਜੇਠ (2 ਜੂਨ)
- ਘੱਲੂਘਾਰਾ ਸ੍ਰੀ ਅਕਾਲ ਤਖ਼ਤ ਸਾਹਿਬ (੧੯੮੪) — ੨੧ ਜੇਠ (4 ਜੂਨ)
- ਸ਼ਹੀਦੀ ਦਿਹਾੜਾ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਤੇ ਭਾਈ ਅਮਰੀਕ ਸਿੰਘ ਜੀ — ੨੩ ਜੇਠ (6 ਜੂਨ)
- ਗੁਰਿਆਈ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ — ੨੫ ਜੇਠ (8 ਜੂਨ)
- **ਆਰੰਭਤਾ ਖ਼ਾਲਸਾ ਅਖ਼ਬਾਰ — ੩੦ ਜੇਠ (13 ਜੂਨ, 1886)**
- ਸ਼ਹੀਦੀ ਦਿਵਸ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ — ੦੪ ਹਾੜ (18 ਜੂਨ)
- ਸ਼ਹੀਦੀ ਦਿਹਾੜਾ ਬਾਬਾ ਬੰਦਾ ਸਿੰਘ ਜੀ ਬਹਾਦਰ — ੧੧ ਹਾੜ (25 ਜੂਨ)
- ਬਰਸੀ ਮਹਾਰਾਜਾ ਰਣਜੀਤ ਸਿੰਘ ਜੀ — ੧੫ ਹਾੜ (29 ਜੂਨ)
- ਜਨਮ ਦਿਹਾੜਾ ਭਗਤ ਕਬੀਰ ਜੀ — ੧੫ ਹਾੜ (29 ਜੂਨ)
- ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ — ੧੬ ਹਾੜ (30 ਜੂਨ)
- ਸਿਰਜਣਾ ਦਿਵਸ ਸ੍ਰੀ ਅਕਾਲ ਤਖ਼ਤ ਸਾਹਿਬ — ੨੧ ਹਾੜ (5 ਜੁਲਾਈ)
- ਸ਼ਹੀਦੀ ਦਿਹਾੜਾ ਭਾਈ ਮਨੀ ਸਿੰਘ ਜੀ — ੨੫ ਹਾੜ (9 ਜੁਲਾਈ)
- ਸ਼ਹੀਦੀ ਦਿਹਾੜਾ ਭਾਈ ਤਾਰੂ ਸਿੰਘ ਜੀ — ੦੧ ਸਾਵਣ (16 ਜੁਲਾਈ)
- ਮੀਰੀ-ਪੀਰੀ ਦਿਵਸ ਪਾਤਸ਼ਾਹੀ ਛੇਵੀਂ — ੦੯ ਸਾਵਣ (24 ਜੁਲਾਈ)
- ਸ਼ਹੀਦੀ ਦਿਹਾੜਾ ਸ. ਊਧਮ ਸਿੰਘ — ੧੬ ਸਾਵਣ (31 ਜੁਲਾਈ)
- ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ — ੨੩ ਸਾਵਣ (7 ਅਗਸਤ)
- ਮੋਰਚਾ ਗੁਰੂ ਕਾ ਬਾਗ (ਸ੍ਰੀ ਅੰਮ੍ਰਿਤਸਰ) — ੨੪ ਸਾਵਣ (8 ਅਗਸਤ)
- ੧੯੪੭ ਵਿਚ ਪੰਜਾਬ ਦੀ ਵੰਡ ਸਮੇਂ ਹੋਏ ਕਤਲੇਆਮ ਵਿਚ ਮਾਰੇ ਗਏ ਪੰਜਾਬੀਆਂ ਲਈ ਅਰਦਾਸ ਦਿਹਾੜਾ — ੩੨ ਸਾਵਣ (16 ਅਗਸਤ)
- ਜੋੜ-ਮੇਲਾ ਬਾਬਾ ਬਕਾਲਾ (ਗੁਰੂ ਲਾਧੋ ਰੇ ਦਿਵਸ) — ੧੨ ਭਾਦੋਂ (28 ਅਗਸਤ)
- ਸੰਪੂਰਨਤਾ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ — ੧੪ ਭਾਦੋਂ (30 ਅਗਸਤ)
- ਪਹਿਲਾ ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ — ੨੭ ਭਾਦੋਂ (12 ਸਤੰਬਰ)
- ਗੁਰਿਆਈ ਦਿਵਸ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ — ੨੮ ਭਾਦੋਂ (13 ਸਤੰਬਰ)
- ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ — ੨੯ ਭਾਦੋਂ (14 ਸਤੰਬਰ)
- ਜੋੜ-ਮੇਲਾ ਗੁਰਦੁਆਰਾ ਕੰਧ ਸਾਹਿਬ ਤੇ ਗੁ: ਡੇਹਰਾ ਸਾਹਿਬ ਵਿਆਹ ਪੁਰਬ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ (ਬਟਾਲਾ) — ੦੨ ਅੱਸੂ (18 ਸਤੰਬਰ)
- ਗੁਰਿਆਈ ਦਿਵਸ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ — ੦੮ ਅੱਸੂ (24 ਸਤੰਬਰ)
- ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ (ਜੋੜ-ਮੇਲਾ ਗੋਇੰਦਵਾਲ ਸਾਹਿਬ) — ੧੦ ਅੱਸੂ (26 ਸਤੰਬਰ)
- ਜੋੜ-ਮੇਲਾ ਬਾਬਾ ਬੁੱਢਾ ਜੀ (ਰਮਦਾਸ) — ੧੪ ਅੱਸੂ (30 ਸਤੰਬਰ)
- ਗੁਰਿਆਈ ਦਿਵਸ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ — ੧੫ ਅੱਸੂ (1 ਅਕਤੂਬਰ)
- ਸਿੰਘ ਸਭਾ ਲਹਿਰ ਦਾ ਸਥਾਪਨਾ ਦਿਵਸ — ੧੫ ਅੱਸੂ (1 ਅਕਤੂਬਰ)
- ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ — ੧੯ ਅੱਸੂ (5 ਅਕਤੂਬਰ)
- ਜੋੜ-ਮੇਲਾ ਬੀੜ ਬਾਬਾ ਬੁੱਢਾ ਜੀ (ਠੱਠਾ) — ੨੧-੨੨ ਅੱਸੂ (7-8 ਅਕਤੂਬਰ)
- ਸ਼ਹੀਦੀ ਦਿਹਾੜਾ ਭਾਈ ਸੁਖਦੇਵ ਸਿੰਘ ਜੀ (ਸੁੱਖਾ) ਅਤੇ ਭਾਈ ਹਰਜਿੰਦਰ ਸਿੰਘ ਜੀ (ਜਿੰਦਾ) — ੨੩ ਅੱਸੂ (9 ਅਕਤੂਬਰ)
- ਜਨਮ ਦਿਹਾੜਾ ਭਾਈ ਤਾਰੂ ਸਿੰਘ ਜੀ — ੨੪ ਅੱਸੂ (10 ਅਕਤੂਬਰ)
- ਦਰਬਾਰ ਖ਼ਾਲਸਾ (ਦੁਸਹਿਰਾ) — ੦੪ ਕੱਤਕ (20 ਅਕਤੂਬਰ)
- ਜਨਮ ਦਿਹਾੜਾ ਸੰਤ ਗਿਆਨੀ ਕਰਤਾਰ ਸਿੰਘ ਜੀ ਭਿੰਡਰਾਂਵਾਲੇ — ੦੫ ਕੱਤਕ (21 ਅਕਤੂਬਰ)
- ਜਨਮ ਦਿਹਾੜਾ ਬਾਬਾ ਬੁੱਢਾ ਜੀ (ਕੱਥੂਨੰਗਲ) — ੦੭ ਕੱਤਕ (23 ਅਕਤੂਬਰ)
- ਅਕਾਲ ਚਲਾਣਾ ਸ. ਜੱਸਾ ਸਿੰਘ ਜੀ ਆਹਲੂਵਾਲੀਆ — ੦੭ ਕੱਤਕ (23 ਅਕਤੂਬਰ)
- ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ — ੧੧ ਕੱਤਕ (27 ਅਕਤੂਬਰ)
- ਸਾਕਾ ਪੰਜਾ ਸਾਹਿਬ (ਪਾਕਿਸਤਾਨ) — ੧੪ ਕੱਤਕ (30 ਅਕਤੂਬਰ)
- ਸ਼ਹੀਦੀ ਦਿਹਾੜਾ ਭਾਈ ਬੇਅੰਤ ਸਿੰਘ ਜੀ — ੧੫ ਕੱਤਕ (31 ਅਕਤੂਬਰ)
- ਪੰਜਾਬੀ ਸੂਬਾ ਦਿਵਸ — ੧੬ ਕੱਤਕ (1 ਨਵੰਬਰ)
- ਗੁਰਿਆਈ ਦਿਵਸ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ — ੧੮ ਕੱਤਕ (3 ਨਵੰਬਰ)
- ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ — ੧੮ ਕੱਤਕ (3 ਨਵੰਬਰ)
- ਜਨਮ ਦਿਹਾੜਾ ਮਾਤਾ ਸਾਹਿਬ ਕੌਰ ਜੀ — ੧੮ ਕੱਤਕ (3 ਨਵੰਬਰ)
- ਸਿੱਖ ਨਸਲਕੁਸ਼ੀ ਨਵੰਬਰ 1984 — ੧੬-੧੯ ਕੱਤਕ (੧-੪ ਨਵੰਬਰ)
- ਬੰਦੀ ਛੋੜ ਦਿਵਸ (ਦਿਵਾਲੀ) — ੨੩ ਕੱਤਕ (8 ਨਵੰਬਰ)
- ਗੁਰਿਆਈ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ — ੨੬ ਕੱਤਕ (11 ਨਵੰਬਰ)
- ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ — ੨੯ ਕੱਤਕ (14 ਨਵੰਬਰ)
- ਸ਼ਹੀਦੀ ਦਿਹਾੜਾ ਬਾਬਾ ਦੀਪ ਸਿੰਘ ਜੀ — ੩੦ ਕੱਤਕ (15 ਨਵੰਬਰ)
- ਸ਼ਹੀਦੀ ਦਿਹਾੜਾ ਸ. ਕਰਤਾਰ ਸਿੰਘ ਜੀ ਸਰਾਭਾ — ੦੧ ਮੱਘਰ (16 ਨਵੰਬਰ)
- ਜਨਮ ਦਿਹਾੜਾ ਭਗਤ ਨਾਮਦੇਵ ਜੀ — ੦੫ ਮੱਘਰ (20 ਨਵੰਬਰ)
- ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ — ੦੯ ਮੱਘਰ (24 ਨਵੰਬਰ)
- ਅਕਾਲ ਚਲਾਣਾ ਭਾਈ ਮਰਦਾਨਾ ਜੀ — ੧੩ ਮੱਘਰ (28 ਨਵੰਬਰ)
- ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਜੋਰਾਵਰ ਸਿੰਘ ਜੀ — ੧੫ ਮੱਘਰ (30 ਨਵੰਬਰ)
- ਸ਼ਹੀਦੀ ਦਿਹਾੜਾ ਬਾਬਾ ਗੁਰਬਖਸ਼ ਸਿੰਘ ਜੀ — ੧੯ ਮੱਘਰ (5 ਦਸੰਬਰ)
- ਗੁਰਿਆਈ ਦਿਵਸ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ — ੨੭ ਮੱਘਰ (12 ਦਸੰਬਰ)
- ਸ਼ਹੀਦੀ ਦਿਹਾੜਾ ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ ਤੇ ਭਾਈ ਸਤੀ ਦਾਸ ਜੀ — ੨੮ ਮੱਘਰ (13 ਦਸੰਬਰ)
- ਸ਼ਹੀਦੀ ਦਿਵਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ — ੨੯ ਮੱਘਰ (14 ਦਸੰਬਰ)
- ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ — ੨੯ ਮੱਘਰ (14 ਦਸੰਬਰ)
- ਸੀਸ ਸਸਕਾਰ ਦਿਵਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ — ੩੦ ਪੋਹ (18 ਦਸੰਬਰ)
- ਕਿਲ੍ਹਾ ਸ੍ਰੀ ਅਨੰਦਗੜ੍ਹ ਸਾਹਿਬ ਛੱਡਣਾ — ੦੬ ਪੋਹ (21 ਦਸੰਬਰ)
- ਪਰਿਵਾਰ ਵਿਛੋੜਾ ਸਰਸਾ ਨੰਗਲ — ੦੬ ਪੋਹ (22 ਦਸੰਬਰ)
- ਸ਼ਹੀਦੀ ਦਿਹਾੜਾ ਬਾਬਾ ਜੀਵਨ ਸਿੰਘ ਜੀ (ਭਾਈ ਜੈਤਾ ਜੀ) — ੦੭ ਪੋਹ (22 ਦਸੰਬਰ)
- ਸ਼ਹੀਦੀ ਦਿਹਾੜਾ ਵੱਡੇ ਸਾਹਿਬਜ਼ਾਦੇ ਅਤੇ ਚਮਕੌਰ ਸਾਹਿਬ ਦੇ ਹੋਰ ਸ਼ਹੀਦ — ੦੮ ਪੋਹ (23 ਦਸੰਬਰ)
- ਸ਼ਹੀਦੀ ਦਿਹਾੜਾ ਭਾਈ ਸੰਗਤ ਸਿੰਘ ਜੀ — ੦੯ ਪੋਹ (24 ਦਸੰਬਰ)
- ਸ਼ਹੀਦੀ ਦਿਹਾੜਾ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ — ੧੩ ਪੋਹ (28 ਦਸੰਬਰ)
- ਸ਼ਹੀਦੀ ਦਿਹਾੜਾ ਭਾਈ ਕੇਹਰ ਸਿੰਘ ਤੇ ਭਾਈ ਸਤਵੰਤ ਸਿੰਘ ਜੀ — ੨੨ ਪੋਹ (6 ਜਨਵਰੀ)
- ਨੀਂਹ ਪੱਥਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ (ਸ੍ਰੀ ਅੰਮ੍ਰਿਤਸਰ) — ੦੧ ਮਾਘ (14 ਜਨਵਰੀ)
- ਜੋੜ-ਮੇਲਾ ਸ੍ਰੀ ਮੁਕਤਸਰ ਸਾਹਿਬ (ਮਾਘੀ) — ੦੧ ਮਾਘ (14 ਜਨਵਰੀ)
- ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ — ੦੨ ਮਾਘ (15 ਜਨਵਰੀ)
- ਚਾਬੀਆਂ ਦਾ ਮੋਰਚਾ (ਸ੍ਰੀ ਅੰਮ੍ਰਿਤਸਰ) — ੦੭ ਮਾਘ (20 ਜਨਵਰੀ)
- ਜਨਮ ਦਿਹਾੜਾ ਬਾਬਾ ਦੀਪ ਸਿੰਘ ਜੀ — ੧੪ ਮਾਘ (27 ਜਨਵਰੀ)
- ਵੱਡਾ ਘੱਲੂਘਾਰਾ ਕੁੱਪ-ਰੋਹੀੜਾ (ਸੰਗਰੂਰ) — ੨੭ ਮਾਘ (9 ਫਰਵਰੀ)
- ਵਿਆਹ ਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ (ਗੁਰੂ ਕਾ ਲਾਹੌਰ) — ੨੯ ਮਾਘ (11 ਫਰਵਰੀ)
- ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ — ੩੦ ਮਾਘ (12 ਫਰਵਰੀ)
- ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ — ੦੭ ਫੱਗਣ (19 ਫਰਵਰੀ)
- ਜਨਮ ਦਿਹਾੜਾ ਭਗਤ ਰਵਿਦਾਸ ਜੀ (੬੫੦ ਸਾਲਾ) — ੦੮ ਫੱਗਣ (20 ਫਰਵਰੀ)
- ਸਾਕਾ ਨਨਕਾਣਾ ਸਾਹਿਬ — ੦੯ ਫੱਗਣ (21 ਫਰਵਰੀ)
- ਜੈਤੋ ਦਾ ਮੋਰਚਾ (ਫਰੀਦਕੋਟ) — ੦੯ ਫੱਗਣ (21 ਫਰਵਰੀ)

www.khalsaakhbaar.com ਸੰਪਰਕ : +44 7491374913
Fore More Information Scan linktree QR Code

ਪ੍ਰਕਾਸ਼ਕ
ਮੁੱਖ ਸੰਪਾਦਕ : ਖ਼ਾਲਸਾ ਅਖ਼ਬਾਰ

Published by :
TAKHAT TAJ LTD,
Company number 16282266

Our UK Bank Account Details:
Account Holder Name : TAKHAT TAJ LTD,
Account Number:50101915,
Sort Code: 20-08-64